# ਅੰਮ੍ਰਿਤ ਕੀਰਤਨ


ਜਨਵਰੀ 2010



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਨੀ ਮੈਂ ਕਮਲੀ ਆਂ



ਸਾਡੀ ਜ਼ਿੰਦੜੀ ਸੁੱਕ ਕੇ ਹੋਈ ਤੀਲਾ
ਖਾਣ ਪੀਣ ਸਾਨੂੰ ਨ ਕੋਈ ਸੁੱਝਦਾ ਈ।

ਤਾਰੇ ਗਿਣਦਿਆਂ ਗਿਣਦਿਆਂ ਰਾਤ ਗੁਜ਼ਰੇ,
ਅਤੇ ਦਿਨ ਝਮੇਲਿਆਂ, ਰੁੱਝਦਾ ਈ।

ਤੇਰੀ ਸਿੱਕ ਨੇ ਡਾਢਾ ਬੇਚੈਨ ਕੀਤਾ,
ਅੱਠੇ ਪਹਿਰ ਪਿਆ ਕਾਲਜਾ ਭੁੱਜਦਾ ਈ।

ਬਿਨਾ ਮਾਸ ਦੇ ਹੱਡੀਆਂ ਚੂਰ ਹੋਈਆਂ
ਯਾਦ ਤੀਰ ਕਲੇਜੜੇ ਖੁੱਭਦਾ ਈ।

ਪਤਾ ਨਹੀਂ ਕਿਉਂ ਸਾਥੋਂ ਨਾਰਾਜ਼ ਮਾਹੀ,
ਕਰੇ ਤਰਸ ਨ ਸਾਡੀ ਦੁਹਾਈਆਂ ਤੇ।

ਅੱਠੇ ਪਹਿਰ ਰਹਿੰਦੀ ਹੈ ਯਾਦ ਤੇਰੀ,
ਫਿਰਾਂ ਕਮਲੀ ਵਾਂਗ ਸ਼ੁਦਾਈਆਂ ਦੇ।

**ਕਿਤਾਬ ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98140 53630
e-mail: drjagirsingh@gmail.com
Website : www.amritkirtan.com
www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ
ਸੰਪਾਦਕੀ 5

ਕਿਨਿ ਬਿਧਿ ਕੀਰਤਨ ਗਾਇ ਜੀਉ?
ਪ੍ਰੋ: ਪਰਮਜੋਤ ਸਿੰਘ 6

ਗੁਰਮਤਿ ਵਿਚ ਕੀਰਤਨ ਦਾ ਮਹੱਤਵ
ਸ: ਸੁਰਜੀਤ ਸਿੰਘ ਭਾਟੀਆ

ਗੁਰਮਤਿ ਸੰਗੀਤ ਪਰੰਪਰਾ : ਨਿਕਾਸ, ਵਿਕਾਸ ਤੇ ਵਿਗਾਸ
ਸ੍ਰ: ਸਿਮਰਜੀਤ ਸਿੰਘ 14

**ਭਾਰਤੀ ਸੰਗੀਤ ਦੇ ਪ੍ਰਮਾਣਿਕ ਗ੍ਰੰਥ**
**ਸ: ਰਿਸ਼ਪਾਲ ਸਿੰਘ** 18

**RAGI JATHA OF BHAI SANTA SINGH**
**Dr Jagir Singh** 21

**PRESS NOTE** **23**

ਸੁਰ ਲਿਪੀ 25
ਪ੍ਰਿੰ: ਦਿਆਲ ਸਿੰਘ

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

**Website www.amritkirtan.com ਬਾਰੇ ਪੱਤਰ**

✉ Many Congratulations for your new site. You are doing agreat job by spreading the messages of our Gurus which guide us in every aspect of our life. Regards

**deepak@humbhi.us**

✉ The website opens a wonderful window for us and we daily listen to the soulful shabads rendered in melody. Live kirtan could not be accessed. May be there is some technical problem in our handling. Thanks for creatong this exciting and engaging facility.

**mehtas877@yahoo.com**

✉ Thanx Dr Sahib. I have enjoyed surfing the site and have benefited a lot towards enhancing my level of spirituality. Credit to you. Best regards.

**ssnakai@gmail.com**

✉ it was great to find your website with free downloads of Gurbani as well as other information. It is really a great sewa of Sikh panth

**bjsingh@ntpc.co.in**

✉ I have seen your new website. Enjoyed the Kirtan. Great design, easy to use, high quality. Great work. Many thanks for keeping me on your list.

**pritamsinghtx@hotmail.com**

✉ A Wonderful : An Ample Collection Of Guru Shabad Kirtan- Dhan Dhan Guru Sahebaan Ji- Regards To Dr. Jagir Singh Ji- You Obliged Me By Sending A Most Precious Amrit- Anmol And A Valuable Treasure. I Thank You And Thank You To Infinity...

**sham_bill2003@yahoo.com**

✉ Thank You very much for facilitating downloading of Asa Dee Vaar keertan by Dr. Jagir Singh Jee.All the Sangat of our city thank you very much.

**drkanwaljitsingh@gmail.com**

✉ It is my pleasure and honour to forword to you a link to a beautiful website dedicated to Amrit Kirtan. The website has been recently started for and on behalf of the AMRIT KIRTAN TRUST, CHANDIGARH, which is dedicatedly working for Kirtal Parchar and teaching thereof for almost two decades under the patronage of Dr. Jagir Singh. The direct Download facility provided on the website makes it most conveniant to listen to the shabad gayan of some of the out standing Ragis - which are being continuously uploaded on the site - including some of the puratan Ragis in nirdharit ragas. Thanks & regards to Dr. Jagir Singh and his team for the same.

**harchandan_chd32@yahoo.co.**

✉ Dear Dr Sahib, Please accept my congratulations on the launch of website for Amrit Kirtan. Now I have the privilege to listen to the divine shabads rendered by you. It is bliss full site for listening and downloading gurbani. It will be very nice if some lessons are included for learning to play harmonium and doing kirtan. May Satguru keep you able and shower his blessings on you to keep doing this sewa in good spirit and seek pleasure of Satguru. Dilbag Singh

**dilpabme@yahoo.co.**

# ਕਰਉ ਬੇਨੰਤੀਆ

ਇਕ ਪ੍ਰੌੜ ਕੀਰਤਨੀਏ ਦੀ ਵਾਰਤਾ' ਦਾ ਕਈਆਂ ਨੇ ਨੋਟਿਸ ਲਿਆ ਹੈ। ਮਾਸਿਕ 'ਵਰਿਆਮ' ਨੇ ਇਸ ਦੀ ਦਸੰਬਰ 2009 ਵਿਚ ਮੁੜ ਪ੍ਰਕਾਸ਼ਿਤ ਕੀਤਾ ਹੈ। ਕਈ ਸੰਵੇਦਨਸ਼ੀਲ ਸੱਜਣਾ ਨੇ ਉਸ ਕੀਰਤਨੀਏ ਦਾ ਐਡਰੈੱਸ ਮੰਗਿਆ ਤਾਂ ਕਿ ਉਸ ਦੀ ਕੋਈ ਮਾਇਕ ਸਹਾਇਤਾ ਕੀਤੀ ਜਾ ਸਕੇ। ਇਹ ਕਿਸੇ ਇਕ ਕੀਰਤਨੀਏ ਦੀ ਵਾਰਤਾ ਨਹੀਂ। ਇਹ ਤਾਂ ਹਰ ਟਕਸਾਲੀ ਬਜ਼ੁਰਗ ਕੀਰਤਨੀਏ ਦੀ ਵਾਰਤਾ ਹੈ।

ਜਿਸ ਕਿਸਮ ਦਾ ਕੀਰਤਨ ਅੱਜ ਕੱਲ ਟੀ. ਵੀ. ਚੈਨਲਾਂ ਤੇ ਹੋ ਰਿਹਾ ਹੈ ਉਹੋ ਜਿਹੇ ਕੀਰਤਨ ਨੂੰ ਸਿੱਖਣ ਦੀ ਲੋੜ ਨਹੀਂ ਜਾਪਦੀ। ਅਜਿਹੇ ਕੀਰਤਨ ਦੀ ਲੋਕਪ੍ਰਿਯਤਾ ਕਾਰਨ ਸਿਲਖਾਈ ਪ੍ਰਾਪਤ ਕੀਰਤਨੀਏ ਜਿਹਨਾਂ ਨੇ ਪਹਿਲਾਂ ਸ਼ਾਸਤਰੀ ਸੰਗੀਤ ਦੀ ਸਿਲਖਾਈ ਪ੍ਰਾਪਤ ਕੀਤੀ ਫਿਰ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਫਿਰ ਉਹ ਕੀਰਤਨ ਕਰਨ ਲੱਗੇ, ਅਜਿਹੇ ਕੀਰਤਨੀਏ ਹੁਣ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰਦੇ ਹਨ।

ਸੰਤਾਂ ਦੀ ਕੀਰਤਨ ਪ੍ਰਣਾਲੀ ਅਤੇ ਵਿਆਖਿਆ ਕੀਰਤਨ ਪ੍ਰਣਾਲੀ ਵਿਚੋਂ ਸੰਗੀਤ ਗਾਇਬ ਹੋ ਗਿਆ ਹੈ। ਆਮ ਤੌਰ ਤੇ ਅਜਿਹੇ ਕੀਰਤਨੀਏ ਜਿਹੜੇ ਸਾਧਾਰਨ ਧੁਨਾਂ ਤੇ ਕੀਰਤਨ ਕਰਦੇ ਹਨ ਜਾਂ ਆਪਣੇ ਕੀਰਤਨ ਵਿਚ ਕੀਤੀ ਵਿਆਖਿਆ ਰਾਹੀਂ ਵਿਵਾਦਪੂਰਨ ਮੁੱਦੇ ਖੜ੍ਹੇ ਕਰਦੇ ਹਨ, ਉਹਨਾਂ ਦੀ ਪ੍ਰਸਿੱਧੀ ਵਧੇਰੇ ਹੋ ਜਾਂਦੀ ਹੈ। ਕ ਈ ਵਾਰ ਤਾਂ ਅਜਿਹੇ ਕੀਰਤਨੀਏ ਸਿੱਖ ਜਗਤ ਵਿਚ ਧੜੇਬੰਦੀ ਪੈਦਾ ਕਰਨ ਦਾ ਵੀ ਕਾਰਨ ਬਣਦੇ ਹਨ।

ਲੋੜ ਤਾਂ ਇਹ ਹੈ ਕਿ ਕੀਰਤਨ ਨੂੰ ਕੀਰਤਨ ਭਾਵ ਗੁਰਮਤ + ਸੰਗੀਤ ਰਹਿਣ ਦਿੱਤਾ ਜਾਵੇ।

ਉਹ ਬਜ਼ੁਰਗ ਕੀਰਤਨੀਏ ਜਿਹੜੇ ਗੁਰਮਤ ਸੰਗੀਤ ਵਿਚ ਨਿਪੁੰਨ ਹਨ ਹਰ ਗੁਰਦੁਆਰਾ ਉਹਨਾਂ ਦੀਆਂ ਸੇਵਾਵਾਂ, ਕੀਰਤਨ ਲਈ ਅਤੇ ਕੀਰਤਨ ਸਿਲਖਾਈ ਲਈ ਪ੍ਰਾਪਤ ਕਰੇ। ਉਹਨਾਂ ਪਾਸੋਂ ਫਰੀ ਸੇਵਾ ਨਾ ਲਈ ਜਾਵੇ ਸਗੋਂ ਇਕ ਅਧਿਆਪਕ ਦਾ ਦਰਜਾ ਦੇ ਕੇ ਘੱਟੋ ਘੱਟ ਇਕ ਸਕੂਲ ਅਧਿਆਪਕ ਜਿਤਨੀ ਮਾਇਕ ਸਹਾਇਤਾ ਜ਼ਰੂਰ ਦਿੱਤੀ ਜਾਵੇ। ਇਸ ਨਾਲ ਇਹੋ ਜਿਹੇ ਕੀਰਤਨੀਏ ਅੱਜੋਕੇ ਯੁਗ ਵਿਚ ਆਪਣੇ ਆਪ ਨੂੰ ਫਾਲਤੂ ਚੀਜ਼ ਮਹਿਸੂਸ ਨਹੀਂ ਕਰਨਗੇ। ਇਹ ਕੇਵਲ ਸੁਝਾਅ ਹਨ। ਤੁਸੀਂ ਸਿਆਣੇ ਹੋ ਤੁਹਾਡੇ ਕੋਲ ਕੋਈ ਹੋਰ ਹੱਲ ਹੋਵੇ ਤਾਂ ਦੱਸੋ। ਹਾਂ ਵਿਚਾਰਅਧੀਨ ਕੀਰਤਨੀਏ ਨੇ ਮਾਇਕ ਸਹਾਇਤਾ ਲੈਣ ਤੋਂ ਧੰਨਵਾਦ ਸਹਿਤ ਇਨਕਾਰ ਕੀਤਾ ਹੈ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀਆਂ ਵਧਾਈਆਂ ਅਤੇ**

**ਨਵੇਂ ਸਾਲ ਲਈ ਸ਼ੁਭ ਇੱਛਾਵਾਂ ਸਹਿਤ**

# ਕਿਨਿ ਬਿਧਿ ਕੀਰਤਨ ਗਾਇ ਜੀਉ?

ਪ੍ਰੋ: ਪਰਮਜੋਤ ਸਿੰਘ

ਗੁਰੂ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਬਚਪਨ ਤੋਂ ਹੀ ਮੈਨੂੰ ਕੀਰਤਨ ਸੁਣਨ ਤੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਕੀਰਤਨ ਦੀ ਗੁੜਤੀ ਮੈਨੂੰ ਆਪਣੇ ਪਿਤਾ ਜੀ ਤੋਂ ਵਿਰਸੇ ਵਿਚੋਂ ਮਿਲੀ। ਘਰ ਤੇ ਪਰਿਵਾਰ ਦੇ ਵਾਤਾਵਰਣ ਨੇ ਮੈਨੂੰ ਸਵਰਾਂ ਨਾਲ ਜੋੜ ਲਿਆ। ਉਹਨਾਂ ਹੀ ਸਵਰਾਂ ਤੇ ਧੁਨੀਆਂ ਵਿਚ ਪਰੋਏ ਹੋਏ ਸ਼ਬਦ ਮਸਤੀ ਤੇ ਆਨੰਦ ਬਖਸ਼ਦੇ।

ਸੁਰਤ ਸੰਭਾਲਣ ਤੇ ਮੈਨੂੰ ਪ੍ਰਸਿੱਧ ਕੀਰਤਨੀਆਂ ਨੂੰ ਸਨਮੁੱਖ ਬੈਠ ਕੇ ਸੁਨਣ ਦਾ ਮੌਕਾ ਮਿਲਿਆ ਜਿਹਨਾਂ ਵਿਚੋਂ ਭਾਈ ਸੁੱਧ ਸਿੰਘ, ਪ੍ਰਧਾਨ ਸਿੰਘ , ਭਾਈ ਸਮੁੰਦ ਸਿੰਘ, ਸੰਤ ਸੁਜਾਨ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਗੁਰਚਰਨ ਸਿੰਘ ਅਵਤਾਰ ਸਿੰਘ, ਭਾਈ ਸੰਤਾ ਸਿੰਘ ਚਮਕ;, ਭਾਈ ਧਰਮ ਸਿੰਘ ਜ਼ਖਮੀ, ਭਾਈ ਜੱਸਾ ਸਿੰਘ ਪਾਲਾ ਸਿੰਘ (ਰਬਾਬੀ), ਭਾਈ ਮਿਹਰ ਸਿੰਘ ਤਾਨ, ਭਾਈ ਬਖਸ਼ੀਸ਼ ਸਿੰਘ ਆਦਿ। ਕੀਰਤਨ ਸੁਣਨ ਸਮੇਂ ਅਕਸਰ ਇਹ ਮਹਿਸੂਸ ਹੁੰਦਾ ਕਿ ਕੀਰਤਨ ਤਾਂ ਇਹ ਸਾਰੇ ਰਾਗੀ ਸਿੰਘ ਕਰਦੇ ਹਨ ਪਰ ਇਹਨਾਂ ਦੀਆਂ ਗਾਇਨ-ਸ਼ੈਲੀਆਂ ਇਕ ਦੂਸਰੇ ਨਾਲੋਂ ਬਿਲਕੁਲ ਭਿੰਨ-ਭਿੰਨ ਤੇ ਵੱਖਰੀ ਪਛਾਣ ਰੱਖਦੀਆਂ ਹਨ। ਕਿਸੇ ਵਿਚ ਰਾਗ ਦੀ, ਕਿਸੇ ਵਿਚ ਸ਼ਬਦ ਦੀ, ਕਿਸੇ ਵਿਚ ਪ੍ਰਮਾਣਾਂ ਦੀ, ਕਿਸੇ ਵਿਚ ਸਾਜ਼ ਦੀ ਪ੍ਰਧਾਨਤਾ ਦੇਖਣ-ਸੁਨਣ ਵਿਚ ਆਈ। ਕਈ ਵਾਰ ਮੇਰੇ ਮਨ ਵਿਚ ਇਹ ਵਿਚਾਰ ਪੈਦਾ ਹੁੰਦੇ ਕਿ ਗੁਰੂ-ਘਰ ਵਿਚ ਕਿਸ ਕਿਸਮ ਦਾ ਕੀਰਤਨ ਪ੍ਰਵਾਨ ਹੋਵੇਗਾ, ਕਿਹੜੀ ਵਿਧੀ ਪ੍ਰਚਲਤ ਹੋਵੇ ਜਿਸ ਨੂੰ ਅਪਨਾਇਆ ਤੇ ਸਰਵ-ਪ੍ਰਮਾਣਿਤ ਹੋ ਸਕੇ। ਇਕ ਦਿਨ ਪਾਠ ਕਰਦਿਆਂ ਇਹ ਤੁੱਕ "ਕਿਨਿ ਬਿਧਿ ਕੀਰਤਨ ਜਾਇ ਜੀਉ' ਪ੍ਰਸ਼ਨ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ। ਇਹ ਤੁੱਕ ਰਾਗ ਮਾਝ ਪੰਨਾ 131 ਤੇ ਵਿਦਮਾਨ ਹੈ। ਜਿਸ ਨੇ ਮੇਰੇ ਸ਼ੰਕੇ ਦੀ ਨਵਿਰਤੀ ਕਰ, ਮੈਨੂੰ ਇਹ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕੀਤਾ।

ਸਭ ਤੋਂ ਪਹਿਲਾਂ ਆਪਾ ਸਮੇਂ ਸਮੇਂ ਪ੍ਰਚਲਤ ਭਿੰਨ ਭਿੰਨ ਕੀਰਤਨ-ਪੱਧਤੀਆਂ ਦਾ ਵਿਵੇਚਨ ਕਰਦੇ ਹਾਂ ਜਿਹਨਾਂ ਨੂੰ ਅਨੇਕਾਂ ਕੀਰਤਨੀਆਂ ਨੇ ਅਪਣਾਇਆ

### (1) ਪਰੰਪਰਾਵਾਦੀ ਕੀਰਤਨ-ਪੱਧਤੀ :

ਇਸ ਕੀਰਤਨ ਪੱਧਤੀ ਦਾ ਧੁਰਾ ਅਸੀਂ ਸ੍ਰੀ ਹਰਿਮੰਦਰ ਸਾਹਿਬ ਨੂੰ ਮੰਨਦੇ ਹਾਂ। ਇਹ ਇਕ ਐਸਾ ਅਸਥਾਨ ਹੈ ਜਿਥੇ ਗੁਰੂ-ਆਸ਼ੇ ਤੇ ਮਰਿਆਦਾ-ਮੱਧ ਤੌਰ ਤੇ ਕੀਰਤਨ ਹੁੰਦਾ ਹੈ। ਇਹ ਮੁਰਿਆਦਾ ਦੇ ਮੋਢੀ ਭਾਈ ਮਨੀ ਸਿੰਘ ਜੀ ਮੰਨੇ ਜਾਂਦੇ ਹਨ। ਇਸ ਮਰਿਆਦਾ ਅਧੀਨ ਕੀਰਤਨ ਚਾਰ ਚਉਕੀਆ ਰਾਹੀਂ ਹੁੰਦਾ ਹੈ। ਆਸਾ ਜੀ ਦੀ ਵਾਰ ਦੀ ਚਉਕੀ ਵਿਚ ਛੰਤ, ਸਲੋਕ ਤੇ ਪਉੜੀ ਪਾਉਣ ਦਾ ਢੰਗ ਆਪਣੇ ਆਪ ਨੂੰ ਨਿਵੇਕਲਾ ਤੇ ਵਿਲੱਖਣ ਹੈ। ਇਸ ਤੋਂ ਉਪਰੰਤ ਬਿਲਾਵਲ, ਸ਼ਾਮ ਨੂੰ ਸੋਦਰ ਤੇ ਰਾਤ ਨੂੰ ਕਲਿਆਣ ਰਾਗ ਦੀ ਚਉਕੀ ਕੀਰਤਨ-ਪ੍ਰੇਮੀਆਂ ਨੂੰ ਅਨੂਠਾ ਰਸ ਪ੍ਰਦਾਨ ਕਰਦੀ ਹੈ।

ਚਉਕੀ ਚਾਰ ਸੰਗੀਤ-ਪ੍ਰਬੰਧਾਂ ਤੇ ਆਧਾਰਿਤ ਹੈ। ਪਹਿਲਾ ਮੰਗਲਾਚਰਨ ਵਿਚ ਵੱਡੇ ਤਾਲ ਵਿਚ ਗਾਈ ਧਰੁਪਦ-ਧਮਾਰ ਸ਼ੈਲੀ ਦੀ ਬੰਦਸ਼ ਵਿਚ ਸੁਗਮ ਰੀਤ ਤੇ ਅੰਤ ਵਿਚ ਵਾਰ ਦੀ ਪਉੜੀ ਨਾਲ ਚਉਕੀ ਨੂੰ ਸਮਾਪਤ ਕੀਤਾ ਜਾਂਦਾ ਹੈ।

ਰੁਤਾਂ ਦੇ ਬਦਲਣ ਨਾਲ ਹਰਿਮੰਦਰ ਦਾ ਕੀਰਤਨ ਹੋਰ ਵੀ ਰਾਗਮਈ ਹੋ ਜਾਦਾ ਹੈ। ਬਸੰਤ ਰਾਗ ਦਾ ਕੀਰਤਨ ਮਾਘੀ ਵਾਲੇ ਦਿਨ ਤੋਂ ਆਰੰਭ ਹੋ ਜਾਂਦਾ ਹੈ। ਸਾਵਣ ਤੇ ਭਾਦੋਂ ਮਹੀਨੇ ਵਿਚ ਮਲਾਰ ਰਾਗ ਛਾਇਆ ਰਹਿੰਦਾ ਹੈ। ਇਸ ਪਰੰਪਰਾਵਾਦੀ ਕੀਰਤਨ-ਪੱਧਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਤਾਲਾਂ-ਪੜਤਾਲਾਂ, ਵਾਰਾਂ ਤੇ ਧੁਨੀਆਂ ਨੂੰ ਮੌਲਿਕ ਸ਼ੈਲੀ ਵਜੋਂ ਅਪਣਾਇਆ ਹੈ। ਇਹ ਪੱਧਤੀ ਆਪਣੇ ਆਪ ਵਿਚ ਸਾਡਾ ਵਡਮੁੱਖਾ ਤੇ ਅਮੋਲਕ ਖਜ਼ਾਨਾ ਸਮੋਈ ਬੈਠੀ ਹੈ।

### (2) ਵਿਆਖਿਆ-ਪ੍ਰਧਾਨ ਕੀਰਤਨ :

ਭਾਈ ਵੀਰ ਸਿੰਘ ਅਨੁਸਾਰ ਸੰਗਤ ਵਿਚ ਕਥੌਨੀ ਕੀਰਤਨ (ਕਥਾ ਦੇ ਰੂਪ ਵਿਚ ਬਿਆਨ ਕੀਤੇ ਜਾਣ ਵਾਲਾ ਕੀਰਤਨ) ਪ੍ਰਚਲਤ ਹੋਇਆ ਇਸ ਪ੍ਰਕਾਰ ਦੇ ਕੀਰਤਨ ਵਿਚ ਇਕ ਇਕ ਤੁਕ ਦੀ ਵਿਆਖਿਆ ਸਾਖੀਆਂ, ਪ੍ਰਮਾਣਾਂ, ਇਤਿਹਾਸਕ ਹਵਾਲਿਆਂ ਤੇ ਦੁਨਿਆਵੀ ਮਿਸਾਲਾਂ ਦੇ ਕੇ ਗੁਰਬਾਣੀ ਦੇ ਭਾਵ ਨੂੰ ਉਜਾਗਰ ਕਰਨ ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੇ ਕੀਰਤਨ ਦੌਰਾਨ ਰਾਗੀ ਸਿੰਘ ਕੀਰਤਨ

ਥੋੜ੍ਹਾ ਤੇ ਵਿਖਆਹਿਆ ਤੇ ਜ਼ਿਆਦਾ ਸਮਾਂ ਲਗਾਉਂਦੇ ਹਨ। ਪੁਰਾਤਨ ਰਾਗੀਆਂ ਵਿਚੋਂ ਭਾਈ ਹੀਰਾ ਸਿੰਘ ਜੀ ਤੇ ਸੰਤ ਸੁਜਾਨ ਸਿੰਘ ਇਸ ਪ੍ਰਕਾਰ ਦਾ ਕੀਰਤਨ ਕਰਿਆ ਕਰਦੇ ਸਨ। ਉਹਨਾਂ ਦੀ ਪ੍ਰਸਿੱਧਤਾ ਇਸੇ ਕੀਰਤਨ-ਸ਼ੈਲੀ ਕਰਕੇ ਸੀ। ਇਕ ਵਾਰ ਭਾਈ ਹੀਰਾ ਸਿੰਘ ਨੂੰ ਐੱਸ. ਐੱਸ. ਅਮੋਲ ਨੇ ਪ੍ਰਸ਼ਨ ਕੀਤਾ, ਭਾਈ ਸਾਹਿਬ! ਤੁਸੀਂ ਸ਼ਬਦ ਦੀ ਏਨੀ ਲੰਮੀ ਵਿਆਖਿਆ ਕਰਦੇ ਹੋ ਤਾਂ ਕੀਰਤਨ ਦਾ ਰਸ ਲੈਣ ਵਾਲੇ ਸਰੋਤੇ ਤਾਂ ਕਾਫੀ ਘਾਟ ਮਹਿਸੂਸ ਕਰਦੇ ਹੋਣਗੇ। ਉਹਨਾਂ ਉੱਤਰ ਦਿੱਤਾ ਬਾਣੀ ਸਮਝਾਉਣ ਜਾਂ ਬਾਣੀ ਦੇ ਭਾਵ ਨੂੰ ਹੋਰ ਦ੍ਰਿੜ ਕਰਵਾਉਣ ਲਈ ਹੀ ਮੈਂ ਵਿਆਖਿਆ ਕਰਦਾ ਹਾਂ ਤੇ ਗੁਰ ਇਤਿਹਾਸ ਸੁਣਾਉਂਦਾ ਹਾਂ ਜੇ ਇਹ ਵਿਆਖਿਆ ਉਹਨਾਂ ਨੂੰ ਚੰਗੀ ਨਾ ਲੱਗਦੀ ਹੋਵੇ ਤਾਂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਕਿਉਂ ਇਕੱਤਰ ਹੋਈਆਂ ਜੁੜੀਆਂ ਰਹਿੰਦੀਆਂ ਹਨ। ਇਸ ਸ਼ੈਲੀ ਨੂੰ ਭਾਈ ਹਰਬੰਸ ਸਿੰਘ (ਜਗਾਧਰੀ ਵਾਲੇ) ਭਾਈ ਬਲਵਿੰਦਰ ਸਿੰਘ ਰੰਗੀਲਾ ਤੇ ਭਾਈ ਜਸਬੀਰ ਸਿੰਘ ਜੋਸ਼ੀ ਅਪਣਾ ਰਹੇ ਹਨ।

### (3) ਪ੍ਰਮਾਣ-ਪ੍ਰਧਾਨ ਕੀਰਤਨ ਪੱਧਤੀ

ਗੁਰਬਾਣੀ ਦੀ ਇਕ ਤੁਕ ਨੂੰ ਆਧਾਰ ਬਣਾ ਕੇ ਉਸ ਵਿਚਲੇ ਵਿਸ਼ੇ ਤੇ ਗੁਰਬਾਣੀ ਵਿਚੋਂ ਪ੍ਰਮਾਣਾਂ ਦੇ ਕੇ ਕੀਰਤਨ ਕਰਨ ਨੂੰ ਇਸ ਵਿਧੀ ਹੇਠ ਲਿਆਂਦਾ ਜਾਂਦਾ ਹੈ। ਇਹ ਮਰਿਆਦਾ ਵੀ ਬਹੁਤ ਪ੍ਰਚਲਤ ਰਹੀ ਹੈ। ਇਸ ਢੰਗ ਦੇ ਕੀਰਤਨ ਕਰਨ ਦੀ ਪ੍ਰਥਾ ਦੇ ਮੋਢੀ ਰਬਾਬੀ ਚਾਂਦ ਜੀ ਸਨ। ਉਹ ਕੀਰਤਨ ਕਰਦੇ ਸਮੇਂ ਅਨੇਕਾਂ ਹੀ ਪ੍ਰਮਾਣਾਂ ਦੀ ਝੜੀ ਲਾ ਦਿੰਦੇ ਤੇ ਸੰਗਤਾਂ ਅਡੋਲ ਬੈਠੀਆਂ ਉਹਨਾਂ ਦਾ ਕੀਰਤਨ ਸੁਣਦੀਆਂ ਰਹਿੰਦੀਆਂ। ਅੱਜਕੱਲ੍ਹ ਬਹੁਤ ਸਾਰੇ ਰਾਗੀ ਇਸ ਢੰਗ ਨੂੰ ਅਪਣਾ ਰਹੇ ਹਨ। ਪ੍ਰੋ: ਦਰਸ਼ਨ ਸਿੰਘ ਇਸੇ ਪ੍ਰਕਾਰ ਦੇ ਕੀਰਤਨ ਕਰਕੇ ਸਤਿਕਾਰੇ ਜਾਂਦੇ ਹਨ।

### (4) ਅਖੰਡ-ਕੀਰਤਨ-ਪੱਧਤੀ

ਇਹ ਪਰਿਪਾਟੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਰੰਭੀ। ਜਿਸ ਵਿਚ ਨਿਰੋਲ ਗੁਰਬਾਣੀ ਦੇ ਸ਼ਬਦਾਂ ਦੀਆਂ ਤੁਕਾਂ ਨੂੰ ਬਾਰ ਬਾਰ ਦੁਹਰਾ ਕੇ ਤੇ ਗੁਰਮੰਤਰ ਦਾ ਅਭਿਆਸ ਕਰਵਾ ਕੇ ਸਾਧਾਰਨ ਰੀਤ ਵਿਚ ਗਾਇਆ ਜਾਦਾ ਹੈ। ਇਕ-ਰਸ ਇਕ-ਆਨੰਦ ਵਿਚ ਸਾਰੀਆਂ ਸੰਗਤਾਂ ਜੁੜ ਜਾਂਦੀਆਂ ਹਨ। ਗੁਰਬਾਣੀ ਦੇ ਰਸੀਏ ਇਲਾਹੀ ਸਰੂਰ ਦਾ ਰਸ ਮਾਣਦੇ ਹੋਏ ਇਹਦੇ ਵਿਚ ਸਰਸਾਰ ਹੋ ਜਾਂਦੇ ਹਨ। ਇਸ ਪਰਿਪਾਟੀ ਨੇ ਅਨੇਕਾਂ ਨਾਮ-ਰਸੀਏ ਪੈਦਾ ਕੀਤੇ ਤੇ ਰੈਣ-ਸਬਾਈ ਕੀਰਤਨ-ਸਮਾਗਮ ਦੀ ਪਰਿਪਾਟੀ ਤੋਰੀ। ਇਥੇ ਇਹ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਕ ਵਾਰ ਭਾਈ ਰਣਧੀਰ ਸਿੰਘ ਜੀ ਕੀਰਤਨ ਕਰ ਰਹੇ ਸਨ। ਉਹਨਾਂ ਨਾਲ ਤਬਲਾ ਵਜਾਉਣ ਵਾਲਾ ਰਾਗ ਵਿੱਦਿਆ ਵਿਚ ਪ੍ਰਬੀਨ ਸੀ। ਭਾਈ ਸਾਹਿਬ ਰਸ-ਮੁਗਧ ਹੋਏ ਘੰਟਿਆਂ-ਬੱਧੀ ਕੀਰਤਨ ਕਰੀ ਜਾ ਰਹੇ ਹਨ। ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਤਬਲੇ ਵਾਲਾ ਕਹਿਣ ਲੱਗਾ, "ਅੱਜ ਬਿਲਾਵਲ ਰਾਗ ਵਿਚ ਜੋ ਕੀਰਤਨ ਸੁਣ ਕੇ ਆਨੰਦ ਆਇਆ ਹੈ ਉਹ ਕਦੀ ਨਹੀਂ ਆਇਆ।" ਇਹ ਗੱਲ ਸੁਣਕੇ ਜਥੇ ਦੇ ਸਿੰਘ ਜੋ ਰਾਗ ਸੰਗੀਤ ਤੋਂ ਅਣਜਾਣ ਸਨ ਸੁਣ ਕੇ ਹੈਰਾਨ ਹੋ ਗਏ ਉਹਨਾਂ ਦਾ ਕੀਰਤਨ ਰਾਗਮਈ ਕਿਵੇਂ ਹੋ ਗਿਆ ਜਦੋਂ ਕਿ ਉਹਨਾਂ ਨੂੰ ਰਾਗਾਂ ਦੀ ਕੋਈ ਸੋਝੀ ਨਹੀਂ। ਭਾਈ ਸਾਹਿਬ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪ ਆਪਣੀ ਕਲਾ ਵਰਤਾਕੇ ਆਪ ਹੀ ਰਾਗ-ਬੱਧ ਕੀਰਤਨ ਕਰਵਾਇਆ ਹੈ।

### (5) ਸਾਜ਼-ਪ੍ਰਧਾਨ ਕੀਰਤਨ :

ਕੀਰਤਨ ਕਰਨ ਵੇਲੇ ਜਦੋਂ ਸਾਜ਼ਾਂ ਦੀ ਆਵਾਜ਼ ਦੀ ਪ੍ਰਧਾਨਤਾ ਹੋਵੇ ਉਸਨੂੰ ਸਾਜ਼ ਪ੍ਰਧਾਨ ਕੀਰਤਨ ਕਿਹਾ ਜਾਦਾ ਹੈ। ਇਸ ਪ੍ਰਕਾਰ ਦੇ ਕੀਰਤਨ ਵਿਚ ਕੀਰਤਨੀਏ ਢੋਲਕੀ, ਛੈਣੇ, ਖੜਤਾਲਾਂ ਚਿਮਟੇ ਤੇ ਹੋਰ ਸਾਜ਼ਾਂ ਨਾਲ ਸਿੱਧੀਆਂ ਧਾਰਨਾਂ ਲਗਾ ਕੇ ਕੀਰਤਨ ਕਰਦੇ ਹਨ। ਆਮ ਤੌਰ 'ਤੇ ਅਜਿਹਾ ਕੀਰਤਨ ਸੰਤਾਂ ਦੇ ਡੇਰਿਆਂ ਤੇ, ਅਤੇ ਪੇਂਡੂ ਧਾਰਮਿਕ ਅਸਥਾਨਾਂ ਤੇ ਕਾਫੀ ਪ੍ਰਚਲਤ ਹੈ। ਇਹ ਪਰੰਪਰਾ ਅਧੀਨ ਸੰਘ ਅਤਰ ਸਿੰਘ ਜੀ ਮਸਤੂਆਣੇ ਵਾਲੇ ਤੇ ਸੰਤ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਨੇ ਸੰਗਤਾਂ ਵਿਚ ਗੁਰਬਾਣੀ ਕੀਰਤਨ ਦੀਆਂ ਝੜੀਆਂ ਲਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

### (6) ਸਮੂਹਿਕ ਕੀਰਤਨ :

ਇਹ ਸ਼ੈਲੀ ਅਧੀਨ ਕੀਰਤਨੀਏ ਸਮੂਹਕ ਰੂਪ ਵਿਚ ਸ਼ਬਦ ਕੀਰਤਨ ਕਰਦੇ ਹਨ ਜਿਸ ਵਿਚ ਸੁਰ, ਤਾਲ ਅਤੇ ਲੈਅ ਨੂੰ ਪ੍ਰਗਟਾਇਆ ਤਾਂ ਜਾਂਦਾ ਹੈ ਪਰ ਮਹਾਨਤਾ ਸ਼ਬਦ ਨੂੰ ਦਿੱਤੀ ਜਾਂਦੀ ਹੈ। ਇਸ ਦਾ ਮਨੋਰਥ ਸੰਗਤ ਵਿਚ ਸ਼ਬਦ ਦਾ ਰਸ ਲੈਣ ਲਈ ਜੁੜਨਾ ਹੈ। ਪ੍ਰਭਾਤ ਫੇਰੀਆਂ ਨਗਰ ਕੀਰਤਨ, ਸੋਦਰੁ, ਆਰਤੀ ਵੇਲੇ ਇਸ ਪੱਧਤੀ ਨੂੰ ਅਪਣਾਇਆ ਜਾਂਦਾ ਹੈ। ਅੱਜਕੱਲ੍ਹ ਇਸਤਰੀ ਸਤਿਸੰਗ ਸਭਾਵਾਂ, ਸੁਖਮਨੀ ਸਾਹਿਬ ਸੁਸਾਇਟੀਆਂ ਇਸ ਸ਼ੈਲੀ ਨੂੰ ਅਪਣਾ ਰਹੀਆਂ ਹਨ।

## (7) ਤਰਜ਼-ਪ੍ਰਧਾਨ ਕੀਰਤਨ :

ਅਜਿਹੇ ਕੀਰਤਨ ਵਿਚ ਫਿਲਮੀ ਧੁਨਾਂ ਤੇ ਗਜ਼ਲ ਗਾਇਕੀ ਅੰਗ ਨੂੰ ਮਿਲਗੋਭਾ ਬਣਾ ਕੇ ਸ਼ਬਦ-ਗਾਇਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਨਾਲ ਰਾਗੀ ਜਲਦੀ ਹਰਮਨ ਪਿਆਰੇ ਤਾਂ ਹੋ ਜਾਂਦੇ ਹਨ ਪਰ ਸਰੋਤਿਆਂ ਤੇ ਸਦੀਵੀ ਛਾਪ ਨਹੀਂ ਛੱਡ ਸਕਦੇ। ਇਹੋ ਜਿਹਾ ਕੀਰਤਨ ਵਿਵਹਾਇਕ ਮਾਇਆ ਤੇ ਫੋਕੀ ਸ਼ੁਹਰਤ ਦੇ ਪਖ ਤੋਂ ਅਪਣਾਇਆ ਜਾ ਰਿਹਾ ਹੈ। ਇਸ ਦੇ ਮੁਕਾਬਲੇ ਜਦੋਂ ਅਸੀਂ ਅੱਜ ਦੀ ਪੁਰਾਤਨ ਰਾਗ-ਬੱਧ ਰੀਤਾਂ ਸੁਣਦੇ ਹਾਂ ਜੋ ਸਾਡੇ ਮਨ ਦੀਆਂ ਗਹਿਰਾਈਆਂ ਤਕ ਧੱਸ ਕੇ ਰਸ ਪ੍ਰਧਾਨ ਕਰਦੀਆਂ ਹਨ ਉਹਨਾਂ ਸਾਹਮਣੇ ਇਹ ਨਵੀ ਤਰਜ਼ ਰੀਤ ਦਾ ਅਸਰ ਤੁੱਛ ਰਿਹਾ ਜਾਪਦਾ ਹੈ। ਭਾਈ ਸੰਤਾ ਸਿੰਘ ਤੇ ਭਾਈ ਬਖਸ਼ੀਸ਼ ਸਿੰਘ ਦੀਆਂ ਗਾਈਆਂ ਰੀਤਾਂ ਅੱਜ ਵੀ ਰਸ ਭਰਪੂਰ ਹਨ।

## (8) ਸ਼ਬਦ-ਰੀਤ ਪ੍ਰਧਾਨ ਕੀਰਤਨ :

ਅੱਜੋਕੇ ਸਮੇਂ ਵਿਚ ਬਹੁਤ ਸਾਰੇ ਕੀਰਤਨੀਏ ਰਾਗ-ਰੀਤ ਮਰਿਆਦਾ ਤੋਂ ਓਹਲੇ ਹੋ ਕੇ ਸ਼ਬਦ-ਰੀਤ ਪ੍ਰਧਾਨ ਪੱਧਰੀ ਨੂੰ ਅਪਣਾ ਰਹੇ ਹਨ। ਇਸ ਅਧੀਨ ਸ਼ਬਦ ਨੂੰ ਵੱਖ-ਵੱਖ ਰੀਤਾਂ ਵਿਚ ਪਰੋਕੇ ਸੰਗਤਾਂ ਨੂੰ ਰਸ ਮੁਗਧ ਕੀਤਾ ਜਾਂਦਾ ਹੈ। ਇਸ ਪੱਧਤੀ ਰਾਹੀਂ ਨਵੀਨ ਸਾਜ਼ਾਂ ਦੀ ਵਰਤੋਂ ਕਰਕੇ ਲੈਅਬੱਧ ਰੂਪ ਵਿਚ ਕੀਰਤਨ ਕੀਤਾ ਜਾਦਾ ਹੈ ਪਰ ਪ੍ਰਧਾਨਤਾ ਸ਼ਬਦ-ਭਾਵ ਨੂੰ ਦਿੱਤੀ ਜਾਂਦੀ ਹੈ। ਕੀਰਤਨੀਏ ਦੁਆਰਾ ਉਚਾਰਿਆ ਸ਼ਬਦ ਆਮ ਸੰਗਤ ਨੂੰ ਸਮਝ ਆਉਂਦਾ ਹੈ। ਸਿੱਟੇ ਵਜੋਂ ਸਰੋਤੇ ਦੀ ਸੁਰਤੀ ਸੁਭਾਵਿਕ ਸ਼ਬਦ ਨਾਲ ਮੇਲ ਖਾਂਦੀ ਹੈ। ਕੀਰਤਨ ਅਭਿਲਾਖੀ ਕੀਰਤਨ ਵਿਚ ਲੀਨ ਹੋ ਕੇ ਆਤਮਿਕ ਆਨੰਦ ਦੇ ਹੁਲਾਰੇ ਲੈਂਦੇ ਹਨ। ਅਨੇਕਾਂ ਕੀਰਤਨੀਏ ਇਸ ਪੱਧਤੀ ਰਾਹੀਂ ਗੁਰ-ਸ਼ਬਦ ਦਾ ਪ੍ਰਚਾਰ ਕਰ ਰਹੇ ਹਨ। ਭਾਈ ਸੁਰਜਨ ਸਿੰਘ, ਭਾਈ ਗੁਪਾਲ ਸਿੰਘ ਇਸ ਕੀਰਤਨ ਪੱਧਰੀ ਦੇ ਅੰਤਰਗਤ ਆਉਂਦੇ ਹਨ।

## (9) ਰਾਗ ਪ੍ਰਧਾਨ-ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਮ੍ਰਿਤ ਬਾਣੀ ਰਾਗ-ਰਤਨ-ਵਿਧਾਨ ਅੰਦਰ ਨਿਯਮਤ ਹੈ। ਗੁਰੂ ਸਾਹਿਬ ਦੀ ਰਾਗ-ਬੱਧ ਬਾਣੀ ਨਿਰਧਾਰਿਤ ਕਰਨਾ ਇਕ ਵਿਲੱਖਣ ਦੇਣ ਹੈ। ਇਸ ਵਿਲੱਖਣ ਦੀ ਮਹਾਨਤਾ ਨੂੰ ਗੁਰੂ ਸਾਹਿਬ ਨੇ ਥਾਂ ਥਾਂ ਪ੍ਰਗਟਾਇਆ ਹੈ ਵਾਰ ਰਾਮਕਲੀ ਵਿਚ ਗੁਰੂ ਸਾਹਿਬ ਇਸ ਦਾ ਸੰਕੇਤ ਦਿੰਦੇ ਹਨ: "ਧਨੁ ਸੁ ਰਾਗ ਸੁਰੰਗੜੇ, ਅਲਾਪਿਤ ਸਭ ਤਿਖ ਜਾਇ।" ਇਸੇ ਤਰ੍ਹਾਂ ਇਕ ਥਾਂ ਹੋਰ ਦਰਸਾਇਆ ਗਿਆ ਹੈ।

'ਰਾਗ ਨਾਦੁ ਸਭ ਸਚੁ ਹੈ ਕੀਮਤ ਕਹੀ ਨਾ ਜਾਇ' ਸੋ ਰਾਗ ਦੀ ਪ੍ਰਧਾਨਤਾ ਨੂੰ ਮਹਿਸੂਸ ਕਰਦਿਆਂ ਹੋਇਆਂ ਕੁਝ ਕੁ ਪਰਪੱਕ ਰਾਗੀਆਂ ਨੇ ਇਸ ਪ੍ਰਕਾਰ ਦੇ ਕੀਰਤਨ ਨੂੰ ਤਰਜੀਹ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਬਾਣੀ ਨੂੰ ਉਸੇ ਰਾਗ ਵਿਚ ਗਾ ਕੇ ਆਪ ਵੀ ਆਨੰਦ ਮਾਣਦੇ ਹਨ ਤੇ ਸੰਗਤਾਂ ਨੂੰ ਵੀ ਆਨੰਦ-ਵਿਭੋਰ ਕਰਦੇ ਹਨ। ਜਦ ਸ਼ਬਦ ਨੂੰ ਰਾਗ ਵਿਚ ਮਰਿਆਦਾ-ਬੱਧ ਕਰਕੇ ਧੁਨੀ-ਪ੍ਰਬੰਧ ਅਨੁਸਾਰ ਗਾਇਆ ਜਾਂਦਾ ਹੈ ਤਾਂ ਮਨੁੱਖ ਮਨ ਦੀਆਂ ਤਰਬਾਂ ਲਰਜਿਤ ਹੋ ਜਾਂਦੀਆਂ ਹਨ। ਇਸ ਕਰਕੇ ਅੱਜ ਕੱਲ੍ਹ ਸੰਗਤਾਂ ਵਿਚ ਰਾਗ-ਪ੍ਰਧਾਨ ਕੀਰਤਨ ਪ੍ਰਚਲਤ ਹੋ ਰਿਹਾ ਹੈ। ਵਿਦਿਅਕ ਅਦਾਰਿਆਂ ਵਿਚ ਵੀ ਸ਼ਬਦ-ਗਾਇਨੀ ਪ੍ਰਤੀਯੋਗਤਾਵਾਂ ਸਮੇਂ ਨਿਰਧਾਰਤ ਰਾਗਾਂ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ। ਅਜਿਹਾ ਕੀਰਤਨ ਕੀਰਤਨੀਏ ਲਈ ਸਖਤ ਮਿਹਨਤ, ਰਿਆਜ਼ ਤੇ ਅੰਦਰਲੀ ਸੋਝੀ ਦਾ ਮੁਹਤਾਜ ਹੈ।

ਅੱਜ ਕੱਲ੍ਹ ਦੋ ਪ੍ਰਕਾਰ ਦਾ ਰਾਗ-ਪ੍ਰਧਾਨ ਕੀਰਤਨ ਪ੍ਰਚਲਤ ਹੋ ਰਿਹਾ ਹੈ। ਇਕ ਵਿਚ ਸ਼ਬਦ ਉੱਤੇ ਰਾਗ ਭਾਰੂ ਹੋ ਰਿਹਾ ਹੈ ਤੇ ਦੂਸਰੇ ਵਿਚ ਸ਼ਬਦ ਨੂੰ ਪ੍ਰਧਾਨਤਾ ਦੇ ਕੇ ਰਾਗ-ਬੱਧ ਕਰਨ ਦਾ ਯਤਨ ਹੈ ਤਾਂ ਜੋ ਸ਼ਬਦ ਦਾ ਅਰਥ-ਭਾਵ ਤੇ ਰਸ ਕਾਇਮ ਰਹਿ ਸਕੇ। ਰਾਗ-ਭਾਰੂ ਕੀਰਤਨ ਕਰਨ ਸਮੇਂ ਰਾਗੀ ਰਾਗ ਦੀਆਂ ਬਾਰੀਕੀਆਂ, ਕਲਾਕਾਰੀ ਤਾਨਾ ਤੇ ਸਰਗਮਾਂ ਦਾ ਪ੍ਰਯੋਗ ਕਰਕੇ ਆਪਣੀ ਕਲਾ ਦੇ ਜੋਹਰ ਦਿਖਾਉਣ ਵਿਚ ਮਸਤ ਹੋ ਜਾਂਦਾ ਹੈ ਤੇ ਤਬਲੇ ਵਾਲਾ ਕਲਾ-ਕੁਸ਼ਲਤਾ ਦਿਖਾਉਣ ਬਰਬਾਰ ਤੇ ਆ ਜਾਂਦਾਂ ਹੈ। ਉਹਨਾਂ ਦੀ ਅਜਿਹੀ ਪੇਸ਼ਕਾਰੀ ਮਨ ਤੇ ਬੁੱਧੀ ਤਕ ਸੀਮਤ ਰਹਿੰਦੀ ਤੇ ਕਲਾ-ਪੱਖ ਪੇਸ਼ ਕਰਕੇ ਹਉਮੈ ਦਾ ਪ੍ਰਗਟਾਵਾ ਕਰਦੀ ਹੈ ਅਜਿਹਾ ਕਰਨ ਨਾਲ ਸ਼ਬਦ ਭਾਵ ਪ੍ਰਗਟ ਨਹੀਂ ਹੁੰਦੇ ਤੇ ਸੰਗਤਾਂ ਗੁਰਸ਼ਬਦ ਨਾਲ ਇਕਸੁਰ ਹੋਣ ਤੋਂ ਅਸਮਰੱਥ ਹੋ ਜਾਂਦੀਆਂ ਹਨ।

ਸੋ ਲੋੜ ਹੈ ਰਾਗ-ਮਰਿਆਦਾ ਵਿਚ ਰਹਿ ਕੇ ਸ਼ਬਦ ਪ੍ਰਧਾਨ ਕੀਰਤਨ ਦੀ। ਤਾਂ ਜੋ ਮਨੁੱਖੀ ਮਨ ਸ਼ਬਦ-ਸੁਰਤ ਦੀ ਇਕਸੁਰਤਾ ਨੂੰ ਕਾਇਮ ਰਖ ਸਕੇ ਤੇ ਗੁਰੂ-ਕਿਰਪਾ ਦਾ ਪਾਤਰ ਬਣ ਸਕੇ।

ਸੋ ਉਪਰੋਕਤ ਭਾਵਾਂ ਤੋਂ ਸਪੱਸ਼ਟ ਹੈ ਕਿ ਕੀਰਤਨੀਏ ਸ਼ਬਦ-ਗਾਇਨ ਵੇਲੇ ਰਾਗ ਦਾ ਪ੍ਰਯੋਗ ਇਸ ਢੰਗ ਨਾਲ ਕਰਨ ਕਿ ਸ਼ਬਦ-ਭਾਵ ਰਾਗ ਵਿਚ ਗੁਆਚ ਨਾ ਜਾਏ ਭਾਈ ਸੁੰਦਰ

ਸਿੰਘ ਤੋਂ ਭਾਈ ਸਮੁੰਦ ਸਿੰਘ ਉੱਚ ਕੋਟੀ ਦੇ ਰਾਗੀ ਹੋਏ ਹਨ ਜਿਹਨਾਂ ਨੇ ਸ਼ਬਦ ਉੱਤੇ ਰਾਗ ਨੂੰ ਕਦੀ ਭਾਰੂ ਨਹੀਂ ਹੋਣ ਦਿੱਤਾ। ਇਕ ਵਾਰ ਐੱਸ.ਐੱਸ.ਅਮੋਲ ਨੇ ਰਾਗੀ ਸੁੰਦਰ ਸਿੰਘ ਨੂੰ ਪ੍ਰਸ਼ਨ ਕੀਤਾ, "ਤੁਸੀਂ ਏਡੇ ਵੱਡੇ ਗਵੱਈਏ ਤੇ ਸੰਗੀਤਕਾਰ ਹੁੰਦਿਆਂ ਵੀ ਕੀਰਤਨ ਵਿਚ ਨਾ ਗਲਾ ਫੇਰਦੇ ਹੋ, ਨਾ ਤਾਨ, ਅਲਾਪ, ਪਲਟੇ ਲਾਉਂਦੇ ਹੋ ਹਾਲਾਂਕਿ ਸੰਗੀਤ ਦਰਬਾਰਾਂ ਵਿਚ ਉਸੇ ਉੱਤੇ ਤੁਹਾਨੂੰ ਇੰਨੀ ਵਾਹ ਵਾਹ ਮਿਲਦੀ ਹੈ।" ਉਹਨਾਂ ਉੱਤਰ ਦਿੱਤਾ, "ਥਾਂ ਥਾਂ ਦਾ ਫਰਕ ਹੈ। ਏਥੇ ਦਰਬਾਰ ਸਾਹਿਬ ਵਿਚ ਕੀਰਤਨ ਦੀ ਲੋੜ ਹੁੰਦੀ ਹੈ, ਇਕ ਰੰਗ ਬੰਨ੍ਹਣ ਦੀ ਨਾ ਕਿ ਕਲਾ ਦੀ ਨੁਮਾਇਸ਼ ਦੀ। ਇਥੇ ਆਪ ਭਿੱਜ ਜਾਣਦਾ ਹੈ, ਆਪ ਭੁੱਲ ਜਾਈਦਾ ਹੈ ਗੁਰਚਰਨਾਂ ਵਿਚ ਵੀ ਹਾਜ਼ਰੀ ਭਰਨੀ ਹੁੰਦੀ ਹੈ ਪਰ ਸ਼ਬਦ ਪੜ੍ਹਨ ਸਮੇਂ ਸੁਰ, ਤਾਲ ਲੈਅ ਦਾ ਸਮੇਂ ਅਨੁਸਾਰ ਢੁਕਵੀਂ ਰੀਤ ਦਾ, ਉਸਦੇ ਪ੍ਰਭਾਵ ਦਾ ਧਿਆਨ ਜ਼ਰੂਰ ਹੁੰਦਾ ਹੈ। ਇਸ ਬਿਨਾਂ ਕੀਰਤਨ, ਕੀਰਤਨ ਹੀ ਨਹੀਂ। ਬਾਣੀ ਸ਼ੁਧ ਪੜ੍ਹਨੀ ਵੀ ਜ਼ਰੂਰੀ ਹੈ।

ਇਸ ਤਰ੍ਹਾਂ ਜਦੋਂ ਭਾਈ ਸਮੁੰਦ ਸਿੰਘ ਜੀ ਨੂੰ ਪੁਛਿਆ ਗਿਆ ਕਿ ਕੀ ਕੀਰਤਨ ਦੇ ਸਰੋਤੇ ਆਮ ਹੀ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਪੈਂਦੀ। ਪਤਾ ਨਹੀਂ ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ। ਉਹਨਾਂ ਉੱਤਰ ਦਿੱਤਾ ਅਸਲ ਗੱਲ ਇਹ ਜਾਪਦੀ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਹੀ ਇਸ ਕਰਕੇ ਮਿੱਥੀ ਹੈ ਕਿ ਬਾਣੀ ਦੇ ਨਾਲ ਨਾਲ ਜਦ ਸੰਗੀਤ ਕਲਾ ਤੇ ਰਾਗੀ ਦਾ ਗਲਾ ਰਲ ਜਾਂਦਾ ਹੈ ਤਾਂ ਉਹ ਰਾਗੀ ਕਠੋਰ ਮਨ ਤੇ ਵੀ ਅਸਰ ਕਰਦਾ ਹੈ। ਜੇ ਰਾਗੀ ਬਾਣੀ ਨੂੰ ਪਿੱਛੇ ਤੇ ਰਾਗ ਨੂੰ ਅੱਗੇ ਕਰ ਦਿੰਦੇ ਉਹ ਸੰਗਤਾਂ ਦੀ ਆਤਮਿਕ ਸੰਤੁਸ਼ਟਤਾ ਨਹੀਂ ਕਰ ਸਕਦੇ। ਕਿਉਂਕਿ ਸਾਰੀ ਸੰਗਤ ਵਿਚ ਕੁਝ ਵਿਰਲੇ ਹੀ ਸੰਗੀਤ ਦੀ ਕਲਾ ਦੇ ਗੁੱਝੇ ਤੇ ਡੂੰਘੇ ਰੰਗਾਂ ਦੇ ਭੇਤਾਂ ਨੂੰ ਸਮਝਦੇ ਹੁੰਦੇ ਹਨ। ਉਹਨਾਂ ਨੂੰ ਲੋੜ ਹੁੰਦੀ ਹੈ ਰਸ ਦੀ ਸ਼ਬਦ ਦੇ ਭਾਵ ਦੀ ਜਾਂ ਗੁਰੂ ਦੇ ਸੰਦੇਸ਼ ਦੀ।"

ਸੋ ਉਪਰੋਕਤ ਹਵਾਲਿਆਂ ਦੇ ਆਧਾਰ ਤੇ ਇਹ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਰਾਗ ਨਾਦ ਤਦ ਹੀ ਸ਼ੋਭਨੀਕ ਤੇ ਸਕਾਰਥਾ ਹੋ ਸਕਦੇ ਹਨ ਜੇ ਮਨੁੱਖ ਇਸ ਵਿਚ ਰਚੀ ਬਾਣੀ ਨੂੰ ਗਾ ਕੇ ਸੁਣਕੇ ਸੱਚੇ ਨਾਲ ਪਿਆਰ ਪਾ ਕੇ ਸੱਚ ਸਰੂਪ ਵਾਹਿਗੁਰੂ ਨੂੰ ਚਿੱਤ ਵਿਚ ਵਸਾ ਸਕੇ:

ਰਾਗ ਨਾਦ ਸਬਦ ਸੋਹਣੇ
ਜਾ ਲਾਗੈ ਸਹਜ ਧਿਆਨ।

ਸੋ ਇਹ ਸਾਰੀਆਂ ਕੀਰਤਨ ਪੱਧਤੀਆਂ ਤਾਂ ਕੀਰਤਨੀਆਂ ਵੱਲੋਂ ਆਪਣੀ ਰਚੀ ਤੇ ਸਮਰੱਥਾ ਅਨੁਸਾਰ, ਸੰਗਤਾਂ ਦੀ ਲੋੜ ਅਤੇ ਮੰਗ ਅਨੁਸਾਰ ਤੇ ਸਮਾਜ ਦੀ ਬਦਲਦੀ ਪ੍ਰਵਿਰਤੀ ਅਨੁਸਾਰ ਅਪਣਾਈਆਂ ਗਈਆਂ ਹਨ ਪਰ ਹੁਣ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਕੀਰਤਨ ਸ਼ੈਲੀ ਹੈ ਜਿਸ ਤੇ ਗੁਰੂ ਸਾਹਿਬ ਰੀਝਦੇ ਹੋਣ ਤੇ ਉਹ ਕਿਹੜੀ ਵਿਧੀ ਹੈ ਜਿਸਨੂੰ ਸੰਗਤਾਂ ਪ੍ਰਵਾਨ ਕਰਨ। "ਕਿਨ ਬਿਧਿ ਕੀਰਤਨ ਗਾਇ ਜੀਉ" ਪ੍ਰਸ਼ਨ ਦਾ ਉੱਤਰ ਗੁਰੂ ਸਾਹਿਬ ਆਪ ਹੀ ਸੁਲਝਾਉਂਦੇ ਹਨ ਕਿ 'ਗੁਰਮੁੱਖ ਕੀਰਤਨ ਗਾਇ ਜੀਉ'।

ਗੁਰੂ ਸਾਹਿਬ ਤਾਂ ਉਹਨਾਂ ਕੀਰਤਨੀਆਂ ਤੋਂ ਰੀਝਦੇ ਹਨ ਜੋ ਗੁਰਮੁੱਖ ਬਣ ਕੇ ਨਿਰਇੱਛਤ ਹੋ ਕੇ ਗੁਰੂ ਦੀ ਸਿਫਤ-ਸਲਾਹ ਕਰਦੇ ਹਨ ਉਹਨਾਂ ਦੀ ਕੀਰਤਨ-ਸ਼ੈਲੀ ਸੁੱਤੇ ਸਿੱਧ ਹੀ ਰਾਗਮਈ ਹੋ ਜਾਂਦੀ ਹੈ ਉਹਨਾਂ ਦੀ ਆਤਮਿਕ ਅਵਸਥਾ ਸ਼ਬਦ ਰਸ ਵਿਚ ਅਡੋਲ ਬੈਠੀ ਗਾਇਨ ਕਰ ਰਹੀ ਹੁੰਦੀ ਹੈ:

ਕੀਰਤਨ ਪ੍ਰਭੂ ਕੀ ਗਾਉ ਮੇਰੀ ਰਸਨਾ
ਅਨਿਕ ਬਾਰ ਕਰਿ ਬੰਦਨ ਸੰਤਨ
ਊਹਾਂ ਚਰਨ ਗੋਬਿੰਦ ਜੀ ਦੇ ਬਸਨਾ।

ਉਹਨਾਂ ਦਾ ਮਨ ਨਿਰੋਲ ਕੀਰਤਨ ਦੁਆਰਾ "ਧਾਵਨਿ ਤੇ ਛੂਟਿਓ" ਹੋ ਕੇ ਅਕਾਲ-ਪੁਰਖ ਵਿਚ ਧਿਆਨ ਮਗਨ ਹੋ ਕੇ ਨਿੱਜ 'ਅਸਥਾਨ' ਵਿਚ ਪ੍ਰਵੇਸ਼ ਕਰਦਾ ਹੈ ਤੇ ਉਹਨਾਂ ਦੀ ਅਵਸਥਾ:

ਖੁਲਿਆ ਕਰਮ ਕ੍ਰਿਪਾ ਭਈ ਠਾਕੁਰ
ਕੀਰਤਨ ਹਰਿ ਹਰਿ ਗਾਈ
ਸ੍ਰਮ ਬਾਕਾ ਪਾਏ ਬਿਸਰਾਮਾ
ਮਿਟ ਗਈ ਸਗਲੀ ਧਾਈ

ਜਦੋਂ ਕੋਈ ਗੁਰਮੁੱਖ ਕੀਰਤਨੀਆ ਨਿਰਇੱਛਤ ਹੋ ਕੇ ਗੁਰੂ ਦੀ ਵਡਿਆਈ ਕਰਦਾ ਹੈ ਉਸ ਲਈ ਗੁਰੂ ਘਰ ਵੱਲੋਂ ਬਖਸ਼ਿਸ਼ਾਂ ਦੇ ਭੰਡਾਰ ਖੁੱਲ੍ਹ ਜਾਂਦੇ ਹਨ। ਗੁਰਬਾਣੀ ਵਿਚ ਇਸ ਪ੍ਰਤੀ ਸਪਸ਼ਟ ਹੈ:

ਰਾਜ ਮਾਲ ਜੰਜਾਲ ਕਾਜ ਨ ਕਿਤੇ ਗੁਨੋ,
ਹਰਿ ਕੀਰਤਨ ਅਪਾਰ ਨਿਹਚਲ ਇਹ ਧਨੋ।

ਇਸ ਦੀ ਪੁਸ਼ਟੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਹਰਿਮੰਦਰ ਸਾਹਿਬ ਦੇ ਮੁੱਖ ਕੀਰਤਨੀਏ ਭਾਈ ਮਨਸ਼ਾ ਸਿੰਘ ਦੇ ਜੀਵਨ ਵਿਚੋਂ ਮਿਲਦੀ ਹੈ। ਉਹ ਇਤਨੇ ਨਿਮਾਣੇ ਤੇ ਗਰੀਬੜੇ ਕੀਰਤਨੀਏ ਸਨ ਕਿ ਉਹਨਾਂ ਪਾਸ ਰੋਟੀ ਪਕਾਉਣ ਲਈ ਇਕ ਤਵਾ ਵੀ ਨਹੀਂ ਸੀ। ਉਹ ਤੋੜੀ ਦੀ ਇਕ ਪੱਚਰ

ਮੂਧੀ ਮਾਰ ਕੇ ਰੋਟੀ ਪਕਾਉਂਦੇ ਸਨ। ਇਸ ਗੱਲ ਦਾ ਜਦੋਂ ਮਹਾਰਾਜ ਸਾਹਿਬ ਨੂੰ ਪਤਾ ਲਗਾ ਉਹ ਮਾਇਆ ਦੀਆਂ ਥੈਲੀਆਂ ਭਰ ਕੇ ਆਪਣੇ ਅਹਿਲਕਾਰਾਂ ਸਮੇਂ ਜਾ ਹਾਜ਼ਰ ਹੋਏ। ਪਰੰਤੂ ਭਾਈ ਸਾਹਿਬ ਨੇ ਬਿਨਾ ਦਰਵਾਜ਼ਾ ਖੋਲ੍ਹਿਆ ਮਹਾਰਾਜੇ ਨੂੰ ਮੋੜ ਦਿੱਤਾ ਤੇ ਨਿਰਮਤਾ ਨਾਲ ਅੰਦਰੋਂ ਹੀ ਬੋਲੇ ਕਿ ਜੇ ਕਿਸੇ ਤਰ੍ਹਾਂ ਦੀ ਇੱਛਾ ਹੋਵੇਗੀ ਤਾਂ ਖੁਦ ਸਤਿਗੁਰੂ ਰਾਮਦਾਸ ਜੀ ਪਾਸੋਂ ਮੰਗ ਲਵਾਂਗਾ। ਅਸਲ ਵਿਚ ਤਾਂ ਉਹਨਾਂ ਨੇ ਭਾਵਨੀ-ਭਗਤ ਵਾਲਾ ਕੀਰਤਨ ਹੀ ਆਪਣਾ ਆਧਾਰ ਬਣਾਇਆ ਸੀ। ਗੁਰਬਾਣੀ ਵਿਚ ਅੰਕਿਤ ਹੈ:

ਭਾਇ ਭਗਤ ਹਰਿ ਕੀਰਤਨ ਕਰੀਐ
ਜਪੁ ਪਾਰ ਨਾਨਕ ਨਿਸਤਰੀਐ

ਜੋ ਗੁਰਮੁੱਖ ਬਣ ਕੇ ਕੀਰਤਨ ਨਹੀਂ ਕਰਦੇ ਉਹਨਾਂ ਬਾਰੇ ਫੁਰਮਾਣ ਹੈ:-

ਇਕ ਗਾਵਤ ਰਹੇ ਮਨ ਸਾਦਿ ਨਾ ਪਾਏ
ਹਉਮੈਂ ਵਿਚ ਗਾਵੈ ਬਿਰਥਾ ਜਾਏ।"

ਅਤੇ ਇਕ ਥਾਂ ਹੋਰ ਸਪਸ਼ਟ ਹੈ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁਤ ਭਾਤਿ ਕਰਿ
ਨਹੀਂ ਹਰਿ ਹਰਿ ਭੀ ਜੈ ਰਾਮ ਰਾਜੇ।

ਗੁਰਮੁੱਖ ਜਦੋਂ ਪ੍ਰੇਮ ਭਗਤੀ ਨਾਲ ਕੀਰਤਨ ਕਰਦਾ ਹੈ ਅਜਿਹੇ ਗੁਰਮਖਿ ਕੀਰਤਨ ਦੀ ਸ਼ੈਲੀ ਆਪੇ ਹੀ ਰਾਗਮਈ ਹੋ ਨਿਬੜਦੀ ਹੈ। ਸਪਸ਼ਟ ਹੈ:

ਜਿਸ ਅੰਦਰਿ ਰੰਗ ਸੋਈ ਗੁਣ ਗਾਵੈ।।
ਗੁਰਕੇ ਸਬਦ ਸਹਜੇ ਸੁਖ ਸਮਾਵੈ।

ਉਹ ਆਨੰਦ ਦੀ ਅਵਸਥਾ ਵਿਚੋਂ ਜੋ ਸ਼ਬਦ ਵੀ ਗਾਉਂਦਾ ਹੈ ਉਸ ਤੇ ਵਾਹਿਗੁਰੂ ਆਪ ਪ੍ਰਸੰਨ ਹੁੰਦਾ ਹੈ।

ਅਜਿਹੀ ਅਵਸਥਾ ਤੇ ਪਹੁੰਚ ਕੇ ਸਹਿਜ-ਆਨੰਦ ਮਾਰਗ ਦੇ ਪਾਂਧੀ ਅਮੋਲਕ ਤੇ ਦੁਰਲਭ ਖਜ਼ਾਨੇ ਲੱਭ ਲੈਂਦੇ ਹਨ ਤੇ ਇਸ ਖਜ਼ਾਨੇ ਦਾ ਮੂੰਹ ਸੰਗਤਾਂ ਲਈ ਵੀ ਖੋਲ੍ਹ ਦਿੰਦੇ ਹਨ ਤੇ ਜਿਸ ਸਦਕਾ ਸੰਗਤਾਂ ਵੀ ਆਨੰਦਿਤ ਹੋ ਜਾਂਦੀਆਂ ਹਨ।

ਖੋਲ ਖਜਾਨਾ ਸਬਦ ਕਾ ਸਾਧ ਸੰਗਤਿ ਸਚੁ ਮੇਲ ਮਿਲਾਇਆ।।


**Please Visit our Website**
**www.amritkirtan.com**
**& comment.**

**Send this information to your friends**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਗੁਰਮਤਿ ਵਿਚ ਕੀਰਤਨ ਦਾ ਮਹੱਤਵ

**ਸੁਰਜੀਤ ਸਿੰਘ ਭਾਟੀਆ**

ਗੁਰਮਤਿ ਅਗੰਮ ਤੇ ਅਗੋਚਰ, ਅੱਲਖ ਤੇ ਅਪਾਰ, ਨਿਰਗੁਣ ਤੇ ਨਿਰਅਕਾਰ, ਪਰਮ ਸੱਚ ਤੇ ਪਰਮ ਤੱਤ, ਹਰਿ ਨਾਲ ਪ੍ਰੀਤ ਸੰਯੋਗ ਦੇ ਅਨੁਭਵ ਉੱਤੇ ਆਧਾਰਤ ਧਰਮ ਹੈ। ਗੁਰਬਾਣੀ ਇਸ ਅਨੁਭਵ ਦਾ ਵਿਆਖਿਆਨ ਹੋਣ ਕਰਕੇ ਇਸਦਾ ਮਾਰਗ ਦਰਸ਼ਕ ਹੈ। ਗੁਰਬਾਣੀ ਉਹ ਸ਼ਬਦ ਹਨ ਜੋ ਗੁਰੂ ਸਾਹਿਬਾਨ ਤੇ ਉਹਨਾਂ ਭਗਤਾਂ ਤੇ ਭਟਾਂ ਨੇ, ਜਿਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸ ਸਮੇਂ ਕਹੇ, ਜਦ ਉਹ ਪਰਮ ਤੱਤ ਤੇ ਪਰਮ ਸੱਚ ਹਰਿ ਨਾਲ ਪ੍ਰੀਤ ਮਿਲਾਪ ਦੇ ਵਿਸਮਾਦ ਮਈ ਸਰੂਰ ਵਿਚ, ਇਸ ਕਦਰ ਗੜੂਦ ਗਏ ਸਨ ਤੇ ਉਸ ਨਾਲ ਮੁਕੰਮਲ ਰੂਪ ਵਿਚ ਇਸ ਕਦਰ ਇਕ ਸੁਰ ਤੇ ਇਕਤਾਰ ਹੋ ਗਏ ਸਨ ਕਿ ਉਹਨਾਂ ਦਾ ਇਸ ਪਰਮ ਹਸਤੀ ਨਾਲ ਆਪਾ ਪਰਕਾ ਮਿਟ ਗਿਆ ਸੀ। ਦੇਹ ਕੀਮਤਾਂ ਤੋਂ ਉੱਪਰ ਉੱਠੀ ਤੇ ਨਿੱਜੀ ਅਪਣਤ ਦੇ ਖਤਮ ਹੋਣ ਨਾਲ ਸਚ ਸਰੂਪ ਹੋਈ ਆਤਮਾ ਜਦ ਪਰਮ ਸੱਚ ਵਿਚ ਲੀਨ ਹੋਵੇਗੀ ਤੇ ਇਸ ਮਿਲਾਪ ਦੇ ਸਮੇਂ ਪਰਮ ਸੱਚ ਤੋਂ ਬਿਨਾਂ ਹੋਰ ਕੁਝ ਨਹੀਂ ਰਹਿ ਜਾਵੇਗਾ। ਤੂੰ ਹੀ ਤੂੰ ਹੋ ਜਾਵੇਗਾ ਇਸ ਮਿਲਾਪ ਦੇ ਵਿਸਮਾਦੀ ਪ੍ਰਭਾਵ ਵਿਚ ਜੋ ਸ਼ਬਦ ਤੇ ਜੋ ਬਾਣੀ ਇਸਦੇ ਮੂੰਹੋਂ ਨਿਕਲੇਗੀ ਉਹ ਕੇਵਲ ਸੱਚ ਹੀ ਹੋਵੇਗੀ। ਸੱਚ ਨਾਲ ਨਾਲ ਸੱਚ ਮਿਲੇ ਤਾਂ ਗੱਲਾਂ ਕੇਵਲ ਸੱਚ ਦੀਆਂ ਹੀ ਹੋਣਗੀਆਂ। ਸੱਚ ਦੇ ਇਸ ਨਿਜੀ ਅਨੁਭਵ ਤੋਂ ਜੋ ਬਾਣੀ ਪ੍ਰਗਟ ਹੋਵੇਗੀ ਸਚੀ ਬਾਣੀ ਹੀ ਹੋਵੇਗੀ। ਸੱਚ ਦੀ ਵਿਆਖਿਆ ਹੀ ਹੋਵੇਗੀ।

ਗੁਰਬਾਣੀ ਪਰਮ ਸੱਚ ਨਾਲ ਪ੍ਰੀਤ ਸੰਯੋਗ ਵਿਚ ਗਾਏ ਐਸੇ ਰਹੱਸਮਈ ਤੇ ਸਰੋਦੀ ਗੀਤ ਹਨ ਜਿਹਨਾਂ ਵਿਚ ਸਾਰਥਿਕ ਸ਼ਬਦ, ਕਵਿਤਾ ਤੇ ਸੰਗੀਤ ਆਪੋ ਵਿਚ ਅਨਿੱਖੜਵੇਂ, ਲੈਮਈ ਤੇ ਸੁਰ ਸੰਗੀਤ ਢੰਗ ਵਿਚ ਗੁੰਦੇ ਹੋਏ ਹਨ। ਇਹਨਾਂ ਸਾਰਥਿਕ ਸ਼ਬਦਾਂ ਵਿਚ ਅੰਕਤ, ਅਗੰਮ ਦੇ ਪ੍ਰੀਤ ਮਿਲਾਪ ਤੋਂ ਉਪਜੇ ਅਗੰਮ ਦੇ ਝਲਕਾਰੇ ਅਗੰਮੀ ਤੇ ਸੂਖਮ ਵਿਚਾਰ, ਕੇਵਲ ਕਵਿਤਾ ਤੇ ਸੰਗੀਤ ਦੇ ਸੂਖਮ ਮਾਧਿਅਮ ਰਾਹੀਂ ਹੀ ਦਿਲ ਦੀਆਂ ਉਹਨਾਂ ਅਗੰਮੀ ਡੂੰਘਾਈਆਂ ਤਕ ਪਹੁਚਾਏ ਜਾ ਸਕਦੇ ਹਨ ਜੋ ਵਿਸਮਾਦੀ ਆਨੰਦ ਦਾ ਮੰਡਲ ਹਨ, ਅਨੁਭਵ ਅਤੀਤ ਦਾ ਖੇਤਰ ਹਨ। ਗੁਰਬਾਣੀ ਵਿਚ ਪ੍ਰਭੂ ਪਰਮਤਾਮਾ ਪਰਮ ਸੱਚ ਨਾਲ ਮਿਲਾਪ ਨੂੰ "ਵਾਜੇ ਸਬਦ ਅਨਾਹਦ ਵਾਜੇ" ਅਨਹਦ ਨਾਦ ਤੇ ਅਨਹਦ ਧੁਨ ਬਾਣੀ ਰਾਹੀਂ ਵੀ ਅੰਕਿਤ ਕੀਤਾ ਗਿਆ ਹੈ। ਇਸ ਪ੍ਰੀਤ ਮਿਲਾਪ ਦੇ ਰਹੱਸ ਨੂੰ ਆਪਣੇ ਅਸਲੀ ਰੂਪ ਵਿਚ ਜੈਸਾ ਸਾ ਤੈਸਾ ਦ੍ਰਿਸਟਾਇਆ ਪੇਸ਼ ਕਰਨ ਲਈ ਤੇ ਗੁਰਮੁਖ ਨਾਦ ਬੇਦ ਬੀਚਾਰੁ ਦੇ ਰੂਪ ਵਿਚ ਦ੍ਰਿਸ਼ਟਾਣ ਲਈ ਸਾਰਥਿਕ ਸ਼ਬਦਾਂ ਕਵਿਤਾ ਤੇ ਸੰਗੀਤ ਦਾ ਸੰਗਮ ਹੀ ਇਕੋ ਇਕ ਮਾਧਿਅਮ ਹੋ ਸਕਦਾ ਹੈ।

ਗੁਰਬਾਣੀ ਪ੍ਰਭੂ ਪਰਮਾਤਮਾ ਦੀ ਸਿਫਤ ਸਲਾਹ ਹੈ ਜਿਸ ਦਾ ਮੰਤਵ "ਸਿਫਤੀ ਗੰਢ ਪਵੈ ਦਰਬਾਰਿ" ਹੈ। ਸਿਫਤ ਸਲਾਹ ਤੇ ਗੁਣ, ਅਥਵਾ ਸੋਹਿਲੇ ਹਮੇਸ਼ਾ ਗਾਏ ਹੀ ਜਾਂਦੇ ਹਨ, ਕਹੇ ਨਹੀਂ ਜਾਂਦੇ। ਜਿਸਨੂੰ ਪਉਣ ਪਾਣੀ ਬੈਸੰਤਰ ਗਾਉਂਦੇ ਹਨ। ਕੁਲ ਕਾਇਨਾਤ ਤੇ ਖਾਣੀ ਚਾਰੇ ਗਾਉਂਦੇ ਹਨ। ਉਸ ਨਾਲ ਮੇਲ ਮਿਲਾਪ ਲਈ, ਇਹਨਾਂ ਸਾਰਿਆਂ ਨਾਲ ਰਲਕੇ ਤੇ ਸਾਰੀ ਕੁਦਰਤ ਨਾਲ ਇਕ ਤਾਰ ਤੇ ਇਕ ਸੁਰ ਹੋਣ ਲਈ ਉਸਦੀ ਸਿਫਤ ਸਲਾਹ ਵਿਚ ਗਾਉਣਾ ਹੀ ਬਣਦਾ ਹੈ। ਕੀਰਤਨ ਦਾ ਭਾਵ ਵੀ ਤਾਂ ਕੀਰਤ, ਗੁਣ ਤੇ ਸਿਫਤਾਂ ਗਾਉਣਾ ਹੀ ਹੈ। ਆਦੇਸ਼ ਵੀ ਹੈ। 'ਕੀਰਤਿ ਪ੍ਰਭੂ ਕੀ ਗਾਉ ਮੇਰੀ ਰਸਨਾ' ਅਤੇ ਗੁਰੂ ਨਾਨਕ ਦੀ ਅਪਣੀ ਗਵਾਹੀ ਹੈ। 'ਸਾਹਿਬ ਕੇ ਗੁਣ ਨਾਨਕ ਗਾਵੈ।'

ਜਦ ਗੁਰਬਾਣੀ ਕੀਰਤਨ ਦੇ ਰੂਪ ਵਿਚ ਗਾਈ ਜਾਂਦੀ ਹੈ ਤਾਂ ਅਗੰਮੀ ਵਿਚਾਰਾਂ ਨਾਲ ਭਰਪੂਰ ਸਾਰਥਿਕ ਸ਼ਬਦ, ਕਵਿਤਾ ਤੇ ਸੰਗੀਤ ਤਿੰਨੇ ਰਲ ਕੇ ਐਸਾ ਠਾਠ ਬਣਾਂਦੇ ਹਨ ਕਿ ਗਾਉਣ ਵਾਲੇ ਤੇ ਸਰੋਤੇ ਖਾਸ ਕਰਕੇ ਉਸ ਸਮੇਂ ਜਦ ਸਰੋਤੇ ਵੀ ਗਾਉਣ ਵਾਲਿਆਂ ਦੇ ਨਾਲ ਇਕ ਸੁਰ ਹੋ ਕੇ ਉਹਨਾਂ ਦੇ ਨਾਲ ਹੀ ਆਵੇਸ਼ ਵਿਚ ਆ ਕੇ ਗਾਉਣ ਲੱਗ ਪੈਂਦੇ ਹਨ ਤਾਂ ਇਹ ਸਾਰੇ ਆਪਣੇ ਆਪ ਨੂੰ ਭੁੱਲ ਕੇ ਇਕ ਸਰੋਦੀ ਮਸਤੀ ਵਿਚ ਗੁਆਚ ਜਾਂਦੇ ਹਨ ਹਰ ਇਕ ਦਾ ਮਨ ਵਿਸਮਾਦੀ ਵਲਵਲੇ ਦੇ ਦੇਸ ਪਹੁੰਚ ਜਾਂਦਾ ਹੈ ਤੇ ਆਤਮਾ ਜਿਵੇਂ ਪਰਮਾਤਮਾ ਵਿਚ ਲੀਨ ਹੋਣ ਦਾ ਆਨੰਦ ਮਾਣਦੀ ਹੈ। ਇਸ ਤਰ੍ਹਾਂ ਕੀਰਤਨ ਵਿਚ ਲੀਨ ਸਾਰੀ ਸੰਗਤ ਗੁਰੂ ਸਾਹਿਬਾਨ ਤੇ ਪਰਮਾਤਮਾ ਵਿਚ ਲੀਨ ਹੋਣ ਦੇ ਅਨੁਭਵ ਦੀ ਭਾਗੀ ਤੇ ਸਾਂਝੀਵਾਲ ਬਣਦੀ ਹੈ ਤੇ ਹਰ ਵਿਅਕਤੀ ਉਹਨਾਂ ਦੇ ਪਰਮ ਤੱਤ ਨਾਲ ਇਕ ਮਿਕ ਹੋਣ ਦੇ ਰਹੱਸਮਈ ਤਜਰਬੇ ਨੂੰ ਨਿੱਜੀ ਤੌਰ ਉੱਤੇ ਅਨੁਭਵ ਕਰਦਾ ਹੈ।

ਅਨੁਭਵੀ ਵਿਚਾਰਦਾਨਾਂ ਦਾ ਖਿਆਲ ਹੈ ਕਿ ਸੰਗੀਤ

(ਕੀਰਤਨ) ਨਾ ਕੇਵਲ ਮਨ ਦਾ ਤਣਾਉ ਨੂੰ ਹੀ ਦੂਰ ਕਰਦਾ ਹੈ ਤੇ ਉਸਦੇ ਅਨੋਵੇਗ ਤੇ ਆਵੇਸ਼ ਨੂੰ ਹੀ ਮੱਠਾ ਕਰਕੇ ਉਸਦੀ ਭਾਂਜੜ ਨੂੰ ਖਤਮ ਕਰਕੇ ਠੰਢ ਪਾਉਂਦਾ ਹੈ, ਸਗੋਂ ਹਿਰਦੇ ਨੂੰ ਅਗੰਮ ਤੇ ਅਨੰਤ ਨਾਲ ਇਕ ਸੁਰ ਕਰਦਾ ਹੈ, ਉਸ ਨਾਲ ਜੋੜ ਦਿੰਦਾ ਹੈ।

ਇਹ ਖਿਆਲ ਰਹੇ ਕਿ ਅਨੰਦ ਨਾਲ ਜੁੜਨ ਦਾ ਇਹ ਅਨੁਭਵ ਕੇਵਲ ਸਚੇ ਗੁਰੂ ਦੀ ਸਚੀ ਬਾਣੀ ਜੋ ਪਰਮ ਸਚੁ ਪ੍ਰਭੂ ਪਰਮਾਤਮਾ ਨਾਲ ਮਿਲਾਪ ਦੇ ਰਹੱਸ ਵਿਚ ਉਚਾਰੀ ਗਈ ਹੈ ਦੇ ਕੀਰਤਨ ਦੁਆਰਾ ਹੀ ਹਾਸਲ ਹੋ ਸਕਦਾ ਹੈ। ਇਸੇ ਲਈ ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰ ਬਾਣੀ

(ਰਾਮਕਲੀ ਮ: ੩, ਆਨੰਦੁ, ਪੰਨਾ 920)

ਕਿਉਂਕਿ ਕੱਚੀ ਬਾਣੀ ਜੋ ਮਾਇਆ ਵਿਚ ਖਚਿਤ ਵਿਅਕਤੀ ਵੱਲੋਂ ਦੇਹ ਕੀਮਤਾਂ ਤੋਂ ਉੱਪਰ ਉਠੇ ਬਿਨਾ ਰਚੀ ਗਈ ਹੈ। ਕਦੀ ਵੀ ਮਾਇਆ ਦੇ ਪ੍ਰਭਾਵ ਤੇ ਦੇਹ ਕੀਮਤਾਂ ਤੋਂ ਉਪਰ ਨਹੀਂ ਲੈ ਜਾ ਸਕਦੀ। ਨਾ ਇਸਦੇ ਰਚੇਤਾ ਨੂੰ ਅਗੰਮ ਦਾ ਅਨੁਭਵ ਹੁੰਦਾ ਹੈ। ਨਾ ਇਹ ਸੱਚ ਦੀ ਗੱਲ ਕਰਦੀ ਹੈ। ਤੇ ਨਾ ਹੀ ਪਰਮ ਸੱਚ ਅਗੰਮ ਨਾਲ ਜੋੜ ਸਕਦੀ ਹੈ। ਤਜਰਬੇ ਤੋਂ ਬਿਨਾ ਕੀਤੀ ਗੱਲ ਨਾ ਕੇਵਲ ਕੱਚੀ, ਹੌਲੀ ਤੇ ਹੋਛੀ ਹੋ ਹੀ ਹੋਵੇਗੀ ਸਗੋਂ ਕੁਰਾਹੇ ਵੀ ਪਾਏਗੀ। ਤਜਰਬੇ ਤੋਂ ਬਿਨਾ ਗਿਆਨ ਅਧੂਰਾ ਤੇ ਬੋਦਾ ਹੋਵੇਗਾ। ਕੂੜ ਤੇ ਕਪਟ ਹੀ ਹੋਵੇਗਾ। ਆਮ ਗੀਤ ਸੰਗੀਤ, ਅੱਵਲ ਤਾਂ ਮਨ ਦੀਆਂ ਵਾਸਨਾਵਾਂ ਨੂੰ ਭੜਕਾਂਦੇ ਹਨ ਕੁਝ ਉਚੇਰੀ ਪੱਧਰ ਦੇ ਗੀਤ ਤੇ ਸੰਗੀਤ ਇਹਨਾਂ ਭਾਵਨਾਵਾਂ ਨੂੰ ਉਤਕ੍ਰਿਸ਼ਟ ਕਰਨ ਤਕ ਚਲੇ ਜਾਂਦੇ ਹਨ।

ਪਰ ਇਹ ਕਦੀ ਵੀ ਮਨ ਨੂੰ ਉਹਨਾਂ ਉਚੇਰੀਆਂ ਸਿਖਰਾਂ ਤਕ ਨਹੀਂ ਲੈ ਜਾਂਦੇ ਜਿਹਨਾਂ ਨੂੰ ਅਨੁਭਵ ਅਤੀਤ ਦਾ ਖੇਤਰ ਕਿਹਾ ਜਾਂਦਾ ਹੈ। ਅਨੰਤ ਨਾਲ ਪ੍ਰੀਤ ਸੰਯੋਗ ਨਾਲ ਇਹਨਾਂ ਦਾ ਦੂਰ ਦਾ ਸੰਬੰਧ ਵੀ ਨਹੀਂ ਹੁੰਦਾ।

ਪ੍ਰੀਤ ਸੰਯੋਗ ਦੇ ਅਨੁਭਵ ਤੋਂ ਬਿਨਾਂ ਕਹੀ ਹੋਈ ਗੱਲ 'ਕਹਿਆ ਕਛੂ ਨਾ ਜਾਣੀ' ਵਾਲੀ ਗੱਲ ਹੋਵੇਗੀ। ਕੱਚੀ ਬਾਣੀ ਦਾ ਪ੍ਰਭਾਵ ਕਦੀ ਵੀ ਹਿਰਦੇ ਦੀਆਂ ਡੂੰਘਾਈਆਂ ਤਕ ਨਹੀਂ ਅਪੜ ਸਕੇਗਾ। ਹਿਰਦੇ ਵਿਚ ਠੰਡ ਨਹੀਂ ਪਾ ਸਕੇਗਾ। ਮਾਇਆ ਤੇ ਦੇਹ ਕੀਮਤਾਂ ਵਿਚ ਉਲਝਿਆ ਮਨ ਕਦੀ ਵੀ ਭਟਕਣਾ ਰਹਿਤ ਨਹੀਂ ਹੋ ਸਕਦਾ। ਅਨੰਤ ਦੀ ਪ੍ਰੀਤ ਦੇ ਯੋਗ ਨਹੀਂ ਹੋ ਸਕਦਾ। ਕੱਚੀ ਬਾਣੀ ਬਾਰੇ ਫੁਰਮਾਨ ਹੈ।

ਬਾਣੀ ਤਾਂ ਕਚੀ ਸਤਿਗੁਰ ਬਾਝਹੁ ਹੋਰ ਕਚੀ ਬਾਣੀ

ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਿਖਾਣੀ

ਹਰਿ ਹਰਿ ਨਿਤ ਕਹਿ ਰਸਨਾ ਕਹਿਆ ਕਛੁ ਨ ਜਾਣੀ

ਚਿਤੁ ਜਿਨ ਕਾ ਹਿਰਿ ਲਿਆ ਮਾਇਆ ਬੋਲਨਿ ਪਏ ਰਵਾਣੀ

ਕਹੈ ਨਾਨਕੁ ਸਤਿਗੁਰ ਬਾਝਹੁ ਹੋਰ ਕਚੀ ਬਾਣੀ

(ਰਾਮਕਲੀ ਮ: ੩, ਆਨੰਦੁ, ਪੰਨਾ 920)

ਸੰਗਤ ਵਿਚ ਸੱਚੀ ਬਾਣੀ ਦੇ ਕੀਰਤਨ ਵਿਚ ਜਦ ਰਾਗੀ ਤੇ ਸਰੋਤੇ ਇਕ ਸੁਰ ਤੇ ਇਕਤਾਰ ਹੋ ਜਾਂਦੇ ਹਨ। ਮਨ ਅਗਮ ਦੇ ਹੁਲਾਰੇ ਵਿਚ ਪਹੁੰਚ ਜਾਂਦਾ ਹੈ। ਤਾਂ ਬੈਕੁੰਠ ਦਾ ਵਾਤਾਵਰਨ ਪੈਦਾ ਹੋ ਜਾਂਦਾ ਹੈ। ਇਸ ਵਾਤਾਵਰਨ ਵਿਚ ਜਦ ਮਨ ਬਾਣੀ ਨਾਲ ਉਸਦੀ ਰੂਹ ਨਾਲ ਜੁੜਦਾ ਹੈ। ਤਾਂ ਪਰਮਾਤਮਾ ਦੀ ਕਿਰਪਾ ਨਾਲ ਸ਼ਰਧਾ ਉਪਜਦੀ ਹੈ।

ਤਹਾ ਬੈਕੁੰਠ ਜਹਾ ਕੀਰਤਨੁ ਤੇਰਾ

ਤੂੰ ਆਪੇ ਸਰਧਾ ਲਾਇਹਿ

(ਸੂਹ ਮਹਲਾ ਪ, ਪੰਨਾ 749)

ਕੀਰਤਨ ਦੇ ਸਰੋਦੀ ਵਜਦ ਦੇ ਵਾਤਾਵਰਨ ਵਿਚ ਹੀ ਗੁਰਬਾਣੀ ਦੇ ਸ਼ਬਦ ਅਪਣਾ ਸਹੀ ਅਰਥ ਪ੍ਰਗਟਾ ਸਕਦੇ ਹਨ। ਇਹਨਾਂ ਵਿਚ ਅੰਕਿਤ ਵਿਚਾਰ ਕੀਰਤਨ ਕਰਨ ਤੇ ਸੁਣਨ ਵਾਲਿਆਂ ਦੇ ਹਿਰਦਿਆਂ ਵਿਚ ਭਾਵ ਪੂਰਤ ਢੰਗ ਨਾਲ ਉਤਰ ਸਕਦੇ ਹਨ।

ਇਹ ਖਿਆਲ ਰੱਖਣ ਵਾਲੀ ਗੱਲ ਹੈ ਕਿ ਕੋਈ ਵੀ ਵਿਚਾਰ ਕੇਵਲ ਉਸ ਪੱਧਰ ਉੱਤੇ ਜਾ ਕੇ ਹੀ ਸਮਝਿਆ ਤੇ ਅਨੁਭਵ ਕੀਤਾ ਜਾ ਸਕਦੇ ਹੈ। ਜਿਸ ਪੱਧਰ ਉੱਤੇ ਉਹ ਉਪਜਿਆ ਹੋਵੇ। ਗੁਰਬਾਣੀ ਚੁੰਕਿ ਹਿਰਦੇ ਦੀਆਂ ਅਗੰਮੀ ਡੂੰਘਾਈਆਂ ਵਿਚੋਂ ਉਸ ਸਮੇਂ ਉਪਜੀ ਹੈ ਜਦ ਇਸਦੇ ਰਚਨਹਾਰ ਸਚੇ ਗੁਰੂ ਦੇਹ ਕੀਮਤਾਂ ਤੋਂ ਉੱਪਰ ਉਠ ਤ੍ਰੈ ਗੁਣ ਅਤੀਤ ਹੋ ਕੇ ਪਰਾਅਨੁਭਵੀ ਤੇ ਅਗੰਮੀ ਅਵਸਥਾ ਵਿਚ ਪਹੁੰਚੇ ਸਨ।

ਇਸ ਲਈ ਗੁਰਬਰਾਣੀ ਦੀ ਠੀਕ ਤੇ ਉਚਿਤ ਸੋਝੀ ਉਸੇ ਅਵਸਥਾ ਉੱਤੇ ਪਹੁੰਚਕੇ ਹੀ ਆ ਸਕਦੀ ਹੈ। ਸੰਗੀਤ ਵਿਚ ਗੁਰਬਾਣੀ ਦਾ ਕੀਰਤਨ ਹਿਰਦੇ ਨੂੰ ਇਸੇ ਅਵਸਥਾ ਵਿਚ ਪਹੁੰਚਾ ਦਿੰਦਾ ਹੈ। ਜਿਸ ਕਰਕੇ ਗੁਰਬਾਣੀ ਨੂੰ ਠੀਕ ਤਰ੍ਹਾਂ ਸਮਝਾਉਣ ਤੇ ਅਨੁਭਵ ਕਰਨ ਲਈ ਉਚਿਤ ਤੇ ਅਨੁਕੂਲ

ਵਾਤਾਵਰਨ ਬੈਕੁੰਠ ਦਾ ਵਾਤਾਵਰਨ ਕੀਰਤਨ ਵਿਚ ਹੀ ਬਣਦਾ ਹੈ।

ਕੀਰਤਨ ਦੁਆਰਾ ਮਨ ਜਿਥੇ ਸ਼ਾਂਤ ਤੇ ਸਥਿਰ ਹੁੰਦਾ ਹੈ ਟਿਕਾਉ ਵਿਚ ਆਉਂਦਾ ਹੈ ਉਥੇ ਇਕਾਗਰਤਾ ਆਉਣ ਨਾਲ ਗੁਰਬਾਣੀ ਹਿਰਦੇ ਦੀਆਂ ਧੁਰ ਅੰਦਰਲੀਆਂ ਡੂੰਘਾਈਆਂ ਤਕ ਅਪੜ ਜਾਂਦੀ ਹੈ। ਉਹਨਾਂ ਡੂੰਘਾਈਆਂ ਤਕ ਜਿਹਨਾਂ ਵਿਚੋਂ ਇਹ ਉਪਜੀ ਹੈ ਤੇ ਜਿਹਨਾਂ ਡੂੰਘਾਈਆਂ ਦਾ ਇਹ ਵਿਸ਼ਾ ਹੈ ਇਹਨਾਂ ਡੂੰਘਾਈਆਂ ਵਿਚ ਅਪੜਨ ਤੋਂ ਬਿਨਾਂ ਇਹ ਕੰਨਾਂ ਦਾ ਵਿਸ਼ਾ ਤੇ ਰਸ ਬਣ ਕੇ ਰਹਿ ਜਾਵੇਗੀ। ਅਨੁਭਵ ਅਤੀਤ ਤਕ ਨਹੀਂ ਪਹੁੰਚੇਗੀ। ਇਸ ਲਈ ਤਨ ਮਨ ਤੇ ਸਰੀਰ ਦੀਆਂ ਸਾਰੀਆਂ ਬਿਰਤੀਆਂ ਦੀ ਇਕਾਗਰਤਾ ਦੀ ਜ਼ਰੂਰਤ ਹੈ ਤੇ ਇਕਾਗਰਤਾ ਸੰਗੀਤ ਮਈ ਕੀਰਤਨ ਵਿਚ ਜੁੜਨ ਨਾਲ ਹੀ ਆ ਸਕਦੀ ਹੈ। ਜਦ ਗੁਰਬਾਣੀ ਦਾ ਇਸ ਇਕਾਗਤਾ ਦੁਆਰਾ ਹਿਰਦੇ ਨਾਲ ਸਿੱਧਾ ਸੰਬੰਧ ਸਥਾਪਤ ਹੁੰਦਾ ਹੈ ਤਾਂ ਗੁਰੂ ਅਮਰਦਾਸ ਦੇ ਕਥਨ ਅਨੁਸਾਰ ਦਸਵਾਂ ਦੁਆਰ ਦਿਸ ਪੈਂਦਾ ਹੈ। ਹਰਿ ਪ੍ਰਭੂ ਨਾਲ ਮਿਲਾਪ ਲਈ ਰਾਹ ਬਣ ਜਾਂਦਾ ਹੈ।

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ।

(ਰਾਮਕਲੀ ਮ: ੩, ਅਨੰਦੁ)

ਕੀਰਤਨ ਦੁਆਰਾ ਜਦ ਗੁਰਬਾਣੀ ਹਿਰਦੇ ਦੀਆਂ ਧੁਰ ਅੰਦਰਲੀਆਂ ਡੂੰਘਾਈਆਂ ਤਕ ਅਪੜਦੀ ਹੈ ਤਾਂ ਸੁਰਤਿ ਮਤ ਮਨ ਤੇ ਬੁਧੀ ਦੀ ਗੁਰਬਾਣੀ ਅਨੁਸਾਰ ਨਵੀ ਘਾੜਤ ਘੜੀ ਜਾਂਦੀ ਹੈ। ਜੀਵਨ ਦਾ ਆਸ਼ਾ ਤੇ ਉਦੇਸ਼ ਗੁਰਬਾਣੀ ਦੇ ਆਸ਼ੇ ਅਨੁਸਾਰ ਬਦਲ ਜਾਂਦਾ ਹੈ ਅਤੇ ਮਨੁੱਖ ਗੁਰੂ ਵਲੋਂ ਦੱਸੇ ਮਾਰਗ ਉੱਤੇ ਪੈ ਕੇ ਗੁਰਮੁੱਖ ਬਨਦਾ ਹੋਇਆ ਆਪਣੇ ਜੀਵਨ ਦੇ ਸੱਚੇ ਤੇ ਛੇਕੜਲੇ ਨਿਸ਼ਾਨੇ ਗੋਬਿੰਦ ਮਿਲਣ ਵੱਲ ਰੁਚਿਤ ਹੋ ਜਾਂਦਾ ਹੈ। ਇਹ ਹੀ ਹੈ ਗੁਰਬਾਣੀ ਦਾ ਅੰਮ੍ਰਿਤ ਤੇ ਇਹ ਹੀ ਹੈ ਇਸਦਾ ਪ੍ਰਤੱਗ ਗੁਰੂ ਰੂਪ :

ਬਾਣੀ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ

ਗੁਰਬਾਣੀ ਕਹੈ ਸੇਵਾ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਲਟ ਮ: ੪, ਪੰਨਾ 982)

ਇਸ ਇਕਾਗਰਤਾ ਦਾ ਸਭ ਤੋਂ ਕਾਰਗਰ ਤੇ ਸਭ ਤੋਂ ਸੌਖਾ ਤਰੀਕਾ ਕੀਰਤਨ ਵਿਚ ਜੁੜਨਾ ਹੈ। ਕੀਰਤਨ ਸੰਬੰਧੀ ਇਕ ਵਿਸ਼ੇਸ਼ ਭੁਲੇਖੇ ਤੋਂ ਸਾਵਧਾਨ ਕਰਨ ਲਈ ਮੈਂ ਇਕ ਚਿਤਾਵਨੀ ਦੇਣੀ ਜ਼ਰੂਰੀ ਸਮਝਦਾ ਹਾਂ ਕੁਝ ਲੋਕ ਢੋਲਕੀ ਛੇਣਿਆਂ ਖੜਤਾਲਾਂ ਚਿਮਟੇ ਤੇ ਹੋਰ ਕਈ ਪ੍ਰਕਾਰ ਦੇ ਸਾਜਾਂ ਨੂੰ ਜ਼ੋਰ ਜ਼ੋਰ ਦੀ ਵਜਾਂਦਿਆਂ ਹੋਇਆ ਇਕ ਤਾਲ ਮਈ ਰੌਲੇ ਦਾ ਵਾਤਾਵਰਨ ਪੈਦਾ ਕਰਦੇ ਹਨ। ਇਸਦੇ ਨਾਲ ਹੀ ਚੌਖੀ ਉੱਚੀ ਆਵਾਜ਼ ਵਿਚ ਇਕ ਹੀ ਸ਼ਬਦ ਦਾ ਦੋ ਤਿੰਨ ਸ਼ਬਦਾਂ ਉੱਤੇ ਆਧਾਰਤ ਇਕ ਤੁਕ ਟੋਟਾ ਘੜੀ ਮੁੜੀ ਦੁਹਰਾਂਦੇ ਨੱਕ ਜਾਂ ਸੰਘ ਵਿਚੋਂ ਸਾਹ ਦੇ ਆਉਣ ਜਾਣ ਨਾਲ ਅਜੀਬ ਜਿਹੀਆਂ ਆਵਾਜ਼ਾਂ ਕੱਢਦੇ ਹਨ। ਇਸ ਨਾਲ ਆਮ ਤੌਰ 'ਤੇ ਮਨੁੱਖ ਦੀਆਂ ਚੇਤੰਨ ਬਿਰਤੀਆਂ ਸੁੰਨ ਹੋ ਜਾਂਦੀਆਂ ਹਨ ਤੇ ਲੋਕ ਇਸਦੇ ਨਾਲ ਨਾਲ ਕੰਨ ਰਸ ਦੇ ਵੇਗ ਵਿਚ ਝੂਮਣ ਲੱਗ ਪੈਂਦੇ ਹਨ। ਕੁਝ ਲੋਕ ਖਾਸ ਕਰਕੇ ਗੈਰ ਸਿੱਖ ਉਹਨਾਂ ਦੇ ਆਪਣਾ ਤਥਾ ਕਥਿਤ ਕੀਰਤਨ ਵੇਲੇ) ਇਸਦੇ ਤਾਲ ਨਾਲ ਤਾਲੀਆਂ ਵਜਾ ਕੇ ਇਸ ਰੌਲੇ ਵਿਚ ਹੋਰ ਵਾਧਾ ਕਰਦੇ ਹਨ। ਝੂਮਦੇ ਹੋਏ ਨੱਚਣ ਲੱਗ ਪੈਂਦੇ ਹਨ। ਮੂੰਹ ਵਿਚੋਂ ਨਿਕਲਦੀ ਜ਼ੋਰ ਜ਼ੋਰ ਨਾਲ ਗਾਈ ਜਾਂਦੀ ਤੁਕ ਜਾਂ ਸ਼ਬਦ ਦੀ ਆਵਾਜ਼ ਦੇ ਨਾਲ ਨਾਲ ਸਿਰ ਮਾਰਦੇ ਹਨ ਤੇ ਕੁਝ ਹੋਰ ਲੋਕ ਇਸ ਲੋਰ ਵਿਚ ਆ ਕੇ ਉੱਚੀ ਉੱਚੀ ਕੂਕਾਂ ਜਿਹੀਆਂ ਛੱਡਣ ਲੱਗ ਪੈਂਦੇ ਹਨ। ਨਾਂਦੇੜ ਵਿਚ ਵਣਜਾਰਾ ਲੋਕ ਗੁਰਬਾਣੀ ਦੇ ਕੀਰਤਨ ਵੇਲੇ ਟੋਲੀਆਂ ਬਣਾ ਕੇ ਸਾਜ਼ਾਂ ਦੇ ਤਾਲ ਨਾਲ ਸਮੂਹ ਨਾਚ ਕਰਦੇ ਹਨ। ਇਹ ਸਾਰੇ ਲੋਕ ਇਸ ਤਰ੍ਹਾਂ ਜ਼ਾਹਿਰ ਕਰਦੇ ਹਨ ਜਿਵੇਂ ਉਹ ਸਰੋਦ ਜਾਂ ਵਜਦ ਵਿਚ ਆ ਗਏ ਹੋਣ।

ਕੀਰਤਨ ਦਾ ਮੰਤਵ ਤਾਂ ਸਰੀਰ ਤੇ ਮਨ ਦੀਆਂ ਸਾਰੀਆਂ ਭਾਵਨਾਵਾਂ ਨੂੰ ਠੰਢਾ ਤੇ ਇਕਾਗਰ ਕਰਕੇ ਟਿਕਾਉ ਸੰਜਮ ਤੇ ਸਹਿਜ ਵਿਚ ਲਿਆਉਣਾ ਹੈ। ਇਸ ਪ੍ਰਕਾਰ ਦਾ ਲੈਅਮਈ ਰੌਲਾ ਇਸ ਨਿਸ਼ਾਨੇ ਤੋਂ ਨਾ ਕੇਵਲ ਖੁੰਝ ਹੀ ਜਾਂਦਾ ਹੈ ਸਗੋਂ ਇਸ ਤੋਂ ਬਹੁਤ ਦੂਰ ਲੈ ਜਾਂਦਾ ਹੈ। ਸਹਿਜ ਨਾ ਕੇਵਲ ਗੁਰਬਾਣੀ ਦੀ ਡਿਸਪਲਨ ਹੀ ਹੈ ਸਗੋਂ ਮਨ ਨੂੰ ਆਵੇਸ਼ ਤੇ ਬਚਾਉ ਤੋਂ ਰੋਕ ਕੇ ਅਡੋਲ ਯਾਨੀ ਸਹਿਜ ਅਵਸਥਾ ਵਿਚ ਲਿਆਉਣਾ ਇਸਦਾ ਨਿਸ਼ਾਨਾ ਵੀ ਹੈ। ਕਿਉਂਕਿ ਸਹਿਜ ਵਿਚ ਪਹੁੰਚਿਆ ਮਨ ਹੀ ਸਹਿਜ ਸਹਿਜ ਮਿਲਾਇਦਾ ਦੇ ਟੀਚੇ ਨੂੰ ਪਾਸ ਕਦਾ ਹੈ।

ਚੇਤੰਨ ਬਿਰਤੀਆਂ ਦੇ ਸੁੰਨ ਹੋਣ ਤੇ ਸਾਜ਼ਾਂ ਦੇ ਤਾਲਮਈ ਰੌਲ ਵਰਗੀ ਥੱਪ ਥੱਪ ਤੇ ਛਣਕਾਰ ਨਾਲ ਝੂਮਣਾ ਨਾ ਤਾਂ ਕੀਰਤਨ ਹੀ ਹੈ ਤੇ ਨਾ ਹੀ ਉਹ ਵਿਸਮਾਈ ਤੇ ਪਰਾ-ਅਨੁਭਵੀ ਅਵਥਾ, ਜੋ ਆਤਮਾਨੂੰ ਉਹਨਾਂ ਉਚੇਰੀਆਂ ਪੱਧਰਾਂ ਉੱਤੇ ਲੈ ਜਾਂਦੀ ਹੈ, ਜੋ ਅਨੁਭਵ ਅਤੀਤ ਦਾ ਮੰਡਲ ਹੈ ਜਿਥੇ ਕੇਵਲ ਸਹਿਜ ਤੇ ਸੰਜਮ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ।

# ਗੁਰਮਤਿ ਸੰਗੀਤ ਪਰੰਪਰਾ : ਨਿਕਾਸ, ਵਿਕਾਸ ਤੇ ਵਿਗਾਸ

**ਸ੍ਰ: ਸਿਮਰਜੀਤ ਸਿੰਘ**

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ੁਲਮਾਂ, ਪਾਪਾਂ ਦੀ ਭੱਠੀ ਵਿਚ ਤਪ ਰਹੀ ਲੋਕਾਈ ਦੇ ਹਿਰਦੇ ਵਿਚ ਠੰਡ ਵਰਤਾਉਣ ਹਿੱਤ 'ਖਸਮ ਕੀ ਬਾਣੀ' ਗੁਰਬਾਣੀ ਨੂੰ ਸਰਬ ਲੋਕਾਈ ਤਕ ਪਹੁੰਚਾਉਣ ਲਈ ਚਾਰ ਉਦਾਸੀਆਂ ਕੀਤੀਆਂ। ਇਹਨਾਂ ਉਦਾਸੀਆਂ ਦੌਰਾਨ ਸੱਚ ਦਾ ਪ੍ਰਚਾਰ ਕਰਨ ਲਈ ਗੁਰੂ ਜੀ ਨੇ ਕੀਰਤਨ ਦੀ ਜੁਗਤ ਨੂੰ ਅਪਨਾ ਕੇ ਵੱਖ ਵੱਖ ਖਿੱਤਿਆਂ ਦੇ ਸਭਿਆਚਾਰਾਂ ਦੇ ਸੰਗੀਤ ਦੇ ਪ੍ਰਚੱਲਿਤ ਅਤੇ ਪ੍ਰਮਾਣਿਕ ਰੂਪਾਂ ਨੂੰ ਅਪਨਾਇਆ। ਗੁਰੂ ਸਾਹਿਬ ਨੇ ਆਪਣੀ ਬਾਣੀ ਦਾ ਉਚਾਰਨ ਭਾਈ ਮਰਦਾਨਾ ਜੀ ਦੀ ਰਬਾਬ ਦੇ ਸੰਗੀਤ ਨਾਲ ਰਾਗਾਂ ਵਿਚ ਕੀਤਾ ਅਤੇ ਦੂਰੋਂ-ਦੂਰੋਂ ਜਿੱਥੋਂ ਵੀ ਭਗਤ ਸਾਹਿਬਾਨ ਜਾਂ ਮਹਾਂਪੁਰਸ਼ਾਂ ਦੀ ਬਾਣੀ ਪ੍ਰਾਪਤ ਹੋਈ ਉਸ ਨੂੰ ਇਕੱਠਾ ਕੀਤਾ। ਇਹੋ ਬਾਣੀ ਪੀੜ੍ਹੀ-ਦਰ-ਪੀੜ੍ਹੀ ਚੱਲਦੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ ਤਾਂ ਉਹਨਾਂ ਨੇ ਇਸ ਸਾਰੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਂਭ ਕੇ ਸੰਪਾਦਿਤ ਕਰਦੇ ਸਮੇਂ ਬਹੁਤੀਆਂ ਬਾਣੀਆਂ ਦਾ ਸਿਰਲੇਖ ਰਾਗ-ਕ੍ਰਮ ਅਨੁਸਾਰ ਦਿੱਤਾ। ਗੁਰੂ ਜੀ ਨੇ ਬਾਣੀ ਨੂੰ ਸੰਪਾਦਤਿ ਕਰਦੇ ਸਮੇਂ ਬਹੁਤੀਆਂ ਬਾਣੀਆਂ ਦਾ ਸਿਰਲੇਖ ਰਾਗ-ਕ੍ਰਮ ਅਨੁਸਾਰ ਦੇ ਕੇ ਤੇ ਸੰਗੀਤਬਧ ਕਰਕੇ ਗੁਰਬਾਣੀ ਗਾਉਣ ਦੀ ਅਮੀਰ ਪਰੰਪਰਾ ਨੂੰ ਸਦਾ-ਸਦਾ ਲਈ ਸਥਾਪਤ ਕਰ ਦਿੱਤਾ ਹੈ। ੧੦ ਗੁਰੂ ਸਾਹਿਬਾਨ ਵੱਲੋਂ ਸਿੱਖ ਸੰਗਤਾਂ ਵਿਚ ਕੀਰਤਨ ਦੇ ਰੂਪ ਵਿਚ ਇਕ ਸੁਹਣੀ ਸੁਹਾਵੀ ਨਿਰਮਲ ਰੀਤ ਕਾਇਮ ਕੀਤੀ ਗਈ ਅਤੇ ਇਸ ਦੀ ਰੌਸ਼ਨੀ ਵਿਚ ਮਨੁੱਖ ਨੂੰ ਮੁਕਤੀ ਦਾ ਰਾਹ ਦਰਸਾਇਆ ਗਿਆ। ਇਹ ਨਿਰਮਲ ਰੀਤ ਗੁਰੂ-ਕਾਲ ਤੋਂ ਲੈ ਕੇ ਅੱਜ ਤੱਕ ਸਿੱਖ ਧਰਮ ਵਿਚ ਪ੍ਰਚਲਿਤ ਹੈ।

ਗੁਰੂ ਸਾਹਿਬਾਨ ਵੱਲੋਂ ਗੁਰਬਾਣੀ ਅਤੇ ਕੀਰਤਨ ਦੇ ਪ੍ਰਚਾਰ ਹਿੱਤ ਆਉਣ ਵਾਲੀਆਂ ਪੀੜ੍ਹੀਆਂ ਵਿਚ ਇਹ ਜੋਤ ਜਗਾਈ ਰੱਖਣ ਲਈ ਵੱਖ-ਵੱਖ ਥਾਵਾਂ 'ਤੇ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਭ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਵਿਖੇ ਕੀਰਤਨ ਕੇਂਦਰ ਦੀ ਸਥਾਪਨਾ ਕੀਤੀ। ਉਹਨਾਂ ਨੇ ਉਦਾਸੀਆਂ ਵਾਲੇ ਪਹਿਰਾਵੇ ਨੂੰ ਤਿਆਗ ਦਿੱਤਾ ਭਾਵ ਲੰਮੇਰੀਆਂ ਸੱਚ ਪ੍ਰਚਾਰ ਯਾਤਰਾਵਾਂ ਦੀ ਸੰਪੂਰਨਤਾ ਦਾ ਸੰਕੇਤ ਦਿੰਦਿਆਂ ਸੰਗਤਾਂ ਨੂੰ ਇਕ ਕੀਰਤਨ ਕੇਂਦਰ ਬਖਸ਼ਿਸ਼ ਕਰਦਿਆਂ ਗੁਰਬਾਣੀ ਕੀਰਤਨ ਨਾਲ ਜੋੜਿਆ।

ਗੁਰਬਾਣੀ ਸੰਗੀਤ ਦਾ ਦੂਜਾ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਆਰੰਭ ਕਰ ਕੇ ਕੀਰਤਨ ਦਾ ਭਰਪੂਰ ਵਿਕਾਸ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸੇ ਮੰਤਵ ਲਈ ਤੀਸਰਾ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਕੀਤਾ। ਚੌਥਾ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਅਤੇ ਪੰਜਵੇਂ ਕੇਂਦਰ ਦਾ ਨਿਰਮਾਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤਾ। ਇਸ ਤਰ੍ਹਾਂ ਗੁਰਮਤਿ ਸੰਗੀਤ ਪ੍ਰਚਾਰ ਦੇ ਮੁੱਖ ਪੰਜ ਕੇਂਦਰ ਮੰਨੇ ਜਾਂਦੇ ਹਨ। ਇਹਨਾਂ ਕੇਂਦਰਾਂ ਤੋਂ ਇਲਾਵਾ ਵੀ ਸਮੇਂ-ਸਮੇਂ ਪ੍ਰਚਾਰਕਾਂ ਵੱਲੋਂ ਗੁਰਬਾਣੀ ਦੀ ਸਿੱਖਿਆ ਦੇਣ ਲਈ ਕੀਰਤਨ ਕੇਂਦਰ/ਟਕਸਾਲਾਂ ਦੀ ਸਥਾਪਨਾ ਕਰ ਕੇ ਗੁਰਬਾਣੀ ਸੰਗੀਤ ਦੇ ਪ੍ਰਚਾਰ ਹਿਤ ਸ਼ਲਾਘਾਯੋਗ ਯੋਗਦਾਨ ਪਾਇਆ ਜਾ ਰਿਹਾ ਹੈ। ਇਹਨਾਂ ਵਿਚੋਂ ਕੁਝ ਪ੍ਰਮੁੱਖ ਸੰਸਥਾਵਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ:-

**1. ਦਮਦਮੀ ਟਕਸਾਲ ਤਲਵੰਡੀ ਸਾਬੋ** : ਇਹ ਟਕਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਤ ਕੀਤੀ ਅਤੇ ਇਸ ਟਕਸਾਲ ਦੇ ਸਰਪ੍ਰਸਤ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਮੰਨਿਆ ਜਾਂਦਾ ਹੈ। ਇਸ ਟਕਸਾਲ ਵੱਲੋਂ ਭਾਈ ਤਾਰਾ ਸਿੰਘ, ਪਖਾਵਜ ਦੇ ਪ੍ਰਸਿੱਧ ਵਾਚਕ ਭਾਈ ਜੰਗ ਸਿੰਘ ਅਤੇ ਭਾਈ ਬਾਘ ਸਿੰਘ ਵਰਗੇ ਪ੍ਰਸਿੱਧ ਕੀਰਤਨੀਏ ਤਿਆਰ ਕੀਤੇ ਗਏ।

**2. ਦਮਦਮੀ ਟਕਸਾਲ ਚੌਂਕ ਮਹਿਤਾ** : ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ, ਗਿਆਨੀ ਕਰਤਾਰ ਸਿੰਘ ਜੀ ਖਾਲਸਾ ਵਰਗੇ ਵਿਦਵਾਨਾਂ ਨੇ ਇਸ ਟਕਸਾਲ ਵਿਚ ਗੁਰਮਤਿ ਸੰਗੀਤ ਦੀ ਸਿੱਖਿਆ ਦਾ ਪ੍ਰਚਾਰ ਕੀਤਾ। ਇਸ ਟਕਸਾਲ ਵਿਚ

ਵਿਦਿਆਰਥੀਆਂ ਨੂੰ ਗੁਰਬਾਣੀ ਦੇ ਸ਼ੁੱਧ ਉਚਾਰਨ ਅਤੇ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ।

3. **ਚਮਕੌਰ ਸਾਹਿਬ ਟਕਸਾਲ** : ਇਸ ਟਕਸਾਲ ਨੇ ਭਾਰਤੀ ਸ਼ਾਸਤਰੀ ਸੰਗੀਤ ਦੇ ਉੱਘੇ ਕਲਾਕਾਰ ਪੈਦਾ ਕੀਤੇ। ਭਾਈ ਸੰਪੂਰਨ ਸਿੰਘ, ਪੰਡਿਤ ਦਲੀਪ ਚੰਦਰ ਬੇਦੀ, ਭਾਈ ਲਾਲ ਜੀ, ਭਾਈ ਉੱਤਮ ਸਿੰਘ ਵਰਗੇ ਸੰਗੀਤਕਾਰ ਪੈਦਾ ਕੀਤੇ। ਇਸ ਸੰਸਥਾ ਨੇ ਅਨੇਕਾਂ ਤਬਲਵਾਦਕ ਵੀ ਪੈਦਾ ਕੀਤੇ

4. **ਬੁੱਢਾ ਜੌਹੜ ਟਕਸਾਲ** : ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਵੱਲੋਂ ਇਸ ਟਕਸਾਲ ਦੀ ਸਥਾਪਨਾ ਹੋਈ। ਭਾਈ ਗੁਰਮੇਲ ਸਿੰਘ ਤੇ ਭਾਈ ਪ੍ਰੀਤਮ ਸਿੰਘ ਟਿਸ ਟਕਸਾਲ ਦੇ ਪ੍ਰਸਿੱਧ ਰਾਗੀ ਮੰਨੇ ਜਾਂਦੇ ਹਨ। ਇਸ ਟਕਸਾਲ ਵਿਚ ਸਿਰਫ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਰਹੀ ਹੈ।

5. **ਡਮੇਲੀ ਟਕਸਾਲ** : ਇਸ ਟਕਸਾਲ ਦੀ ਸਥਾਪਨਾ ਬਾਬਾ ਸਰਵਣ ਸਿੰਘ ਗੰਧਰਵ ਨੇ ਕੀਤ। ਆਪ ਨੇ ਦੋਧਰਪੁਰ ਟਕਸਾਲ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ। ਆਪ ਕਈ ਤਰ੍ਹਾਂ ਦੇ ਸੰਗੀਤਕ ਸਾਜ਼ ਵਜਾਉਣ ਦੀ ਮੁਹਾਰਤ ਰੱਖਦੇ ਸਨ। ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪ ਨੇ ਕਈ ਪੁਸਤਕਾਂ ਵੀ ਲਿਖੀਆਂ ਹਨ।

6. **ਦੋਧਰਪੁਰ ਟਕਸਾਲ** : ਇਹ ਟਕਸਾਲ 18 ਵੀ ਸਦੀ ਵਿਚ ਪਿੰਡ ਦੋਧਰਪੁਰ (ਲੁਧਿਆਣਾ) ਵਿਚ ਸ਼ੁਰੂ ਹੋਈ। ਇਥੇ ਵਿਸ਼ੇਸ਼ਕਰ ਨੇਤਰਹੀਣ ਵਿਦਿਆਰਥੀਆਂ ਨੂੰ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਟਕਸਾਲ ਦੇ ਭਾਈ ਪ੍ਰੇਮ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਅਮਰੀਕ ਸਿੰਘ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਦੀ ਸੇਵਾ ਨਿਭਾਉਂਦੇ ਰਹੇ।

7. **ਤਰਨਤਾਰਨ ਟਕਸਾਲ** : ਸੰਨ 1904 ਈ: ਵਿਚ ਚੀਫ ਖਾਲਸ ਦੀਵਾਨ ਵੱਲੋਂ ਇਸ ਟਕਸਾਲ ਦੀ ਸਥਾਪਨਾ ਕੀਤੀ ਗਈ। ਗੁਰਮਤਿ ਸੰਗੀਤ ਦੀ ਸਿੱਖਿਆ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਆਰੰਭ ਕੀਤਾ ਗਿਆ। ਇਸ ਟਕਸਾਲ ਵੱਲੋਂ ਸਿੱਖਿਆ ਪ੍ਰਾਪਤ ਕਰ ਕੇ ਭਾਈ ਸੰਤੂ ਜੀ (ਤਬਲਾਵਾਦਕ) ਇਹਨਾਂ ਦੇ ਪੁੱਤਰ ਭਾਈ ਬਖਸ਼ਿਸ਼ ਸਿੰਘ, ਭਾਈ ਪੂਰਨ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਬਲਬੀਰ ਸਿੰਘ ਅਤੇ ਭਾਈ ਪ੍ਰੇਮ ਸਿੰਘ ਆਦਿ ਗੁਰਮਤਿ ਸੰਗੀਤ ਦੇ ਜਗਤ-ਪ੍ਰਸਿੱਧ ਰਾਗੀ ਹੋਏ ਹਨ।

8. **ਮਸਤੂਆਣਾ ਟਕਸਾਲ** : ਇਸ ਟਕਸਾਲ ਦੀ ਸਥਾਪਨਾ ਬਾਬਾ ਅਤਰ ਸਿੰਘ ਜੀ ਵੱਲੋਂ ਸੰਨ 1867 ਈ: ਵਿਚ ਕੀਤੀ ਗਈ। ਭਾਈ ਜਸਵੰਤ ਸਿੰਘ ਅਤੇ ਭਾਈ ਲਾਲ ਸਿੰਘ ਦਾ ਸੰਬੰਧ ਇਸ ਸੰਸਥਾ ਨਾਲ ਰਿਹਾ ਹੈ।

ਪ੍ਰਸਿੱਧ ਰਾਗੀ ਭਾਈ ਗਿਆਨ ਸਿੰਘ ਅਲਮਸਤ ਅਤੇ ਇਹਨਾਂ ਦੇ ਪੁੱਤਰ ਭਾਈ ਠਾਕੁਰ ਸਿੰਘ ਦਾ ਇਸ ਟਕਸਾਲ ਵਿਚ ਸ਼ਬਦ-ਕੀਰਤਨ ਦੇ ਪ੍ਰਚਾਰ ਸੰਬੰਧੀ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਸੰਸਥਾ ਦਾ ਦੂਜਾ ਕੇਂਦਰ ਹਿਮਾਚਲ ਪ੍ਰਦੇਸ਼ ਵਿਚ ਬੜੂ ਸਾਹਿਬ ਵਿਖੇ ਹੈ। ਜਿੱਥੇ ਬੱਚਿਆਂ ਨੂੰ ਕੀਰਤਨ ਦੇ ਨਾਲ ਨਾਲ ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਬਿਤਾਉਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

9. **ਕਲੇਰਾ ਟਕਸਾਲ** : ਇਸ ਟਕਸਾਲ ਦਾ ਆਰੰਭ ਬਾਬਾ ਨੰਦ ਸਿੰਘ ਜੀ ਨੇ ਸੰਨ 1874 ਈ: ਦੇ ਨੇੜੇ-ਤੇੜੇ ਕੀਤਾ ਸੀ। ਇਸ ਟਕਸਾਲ ਦਸ ਪ੍ਰਸਿੱਧ ਰਾਗੀ ਪ੍ਰੋ: ਦਰਸ਼ਨ ਸਿੰਘ ਜੀ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਰਹਿ ਚੁੱਕੇ ਹਨ। ਪ੍ਰੋ: ਸਾਹਿਬ, ਭਾਈ ਰਾਮ ਸਿੰਘ, ਭਾਈ ਸੇਵਕ ਸਿੰਘ, ਭਾਈ ਗੁਰਚਰਨ ਸਿੰਘ ਇਸ ਟਕਸਾਲ ਦੇ ਪ੍ਰਸਿੱਧ ਰਾਗੀ ਹੋਏ ਹਨ। ਭਾਈ ਨਸੀਰ, ਭਾਈ ਕੇਹਰ ਸਿੰਘ, ਭਾਈ ਜਸਵੰਤ ਸਿੰਘ ਨੇ ਇਸ ਟਕਸਾਲ ਵਿਚ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਦੀ ਸੇਵਾ ਕੀਤਾ। ਪਾਕਿਸਤਾਨ ਵਾਸੀ ਭਾਈ ਰਹੀਮ ਬਖਸ਼, ਭਾਈ ਕਰੀਮ ਬਖਸ਼ ਅਤੇ ਭਾਈ ਅਲੀ ਬਖਸ਼ ਤਿੰਨੇ ਭਰਾ ਇਸ ਟਕਸਾਲ ਤੋਂ ਸਿੱਖਿਆ ਪ੍ਰਾਪਤ ਹਨ। ਇਸ ਟਕਸਾਲ ਵੱਲੋਂ ਹਰ ਸਾਲ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ।

10. **ਰਕਾਬ ਗੰਜ ਟਕਸਾਲ** : ਇਸ ਟਕਸਾਲ ਦੀ ਸਥਾਪਨਾ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਨ 1925 ਈ: ਵਿਚ ਕੀਤੀ ਗਈ। ਇਸ ਸੰਸਥਾ ਦੇ ਮੁਖੀ ਪ੍ਰਸਿੱਧ ਵਿਦਵਾਨ ਗਿਆਨੀ ਹਰਦਿੱਤ ਸਿੰਘ ਜੀ ਅਤੇ ਇਹਨਾਂ ਦੇ ਸਹਿਯੋਗੀ ਭਾਈ ਗਿਆਨ ਸਿੰਘ ਐਬਟਾਬਾਦ (ਲੇਖਕ 'ਗੁਰਬਾਣੀ ਸੰਗੀਤ') ਰਹੇ ਹਨ। (**ਅੱਜਕੱਲ੍ਹ ਪ੍ਰਿੰਸੀਪਲ ਦਿਆਲ ਸਿੰਘ ਇਸਦੇ ਸੰਚਾਲਕ ਹਨ**)

11. **ਯਤੀਮਖਾਨਾ ਟਕਸਾਲ** : ਅੰਮ੍ਰਿਤਸਰ ਵਿਖੇ ਚੀਫ ਖਾਲਸਾ ਦੀਵਾਨ ਵੱਲੋਂ ਸੰਨ 1904 ਈ: ਵਿਚ ਇਸ ਟਕਸਾਲ ਦੀ ਸਥਾਪਨਾ ਕੀਤੀ ਗਈ। ਇਸ ਸੰਸਥਾ ਦਾ ਮੁੱਖ ਮੰਤਵ ਗਰੀਬ ਬੇਸਹਾਰਾ ਬੱਚਿਆਂ ਨੂੰ ਗੁਰਬਾਣੀ ਸੰਗੀਤ ਦੀ ਸਿੱਖਿਆ ਦੇ ਕੇ

ਉਹਨਾਂ ਨੂੰ ਸੱਚੇ-ਸੁੱਚੇ ਜੀਵਨ ਦਾ ਪਾਂਧੀ ਬਣਾਉਣਾ ਸੀ। ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਗੋਪਾਲ ਸਿੰਘ ਇਸ ਟਕਸਾਲ ਦੇ ਪ੍ਰਸਿੱਧ ਰਾਗੀ ਹੋਏ ਹਨ। ਪੰਜਾਬ ਦੇ ਪ੍ਰਸਿੱਧ ਸੰਗੀਤਕਾਰ ਪੰਡਿਤ ਦਲੀਪ ਚੰਦਰ ਬੇਦੀ ਨੇ ਵੀ ਆਪਣੀ ਮੁੱਢਲੀ ਸਿੱਖਿਆ ਇਸੇ ਟਕਸਾਲ ਤੋਂ ਪ੍ਰਾਪਤ ਕੀਤੀ ਸੀ।

12. **ਸ਼ਹੀਦ ਸਿੱਖ ਮਿਸ਼ਨਰੀ ਕਾਲਿਜ** : ਗੁਰਮਤਿ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਇਹ ਸੰਸਥਾ ਸੰਨ 1954 ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਤ ਕੀਤੀ ਗਈ। ਇਸ ਸੰਸਥਾ ਵਿਚ ਗੁਰਮਤਿ ਸੰਗੀਤ ਦੇ ਨਾਲ-ਨਾਲ ਗੁਰਬਾਣੀ ਦਾ ਪਾਠ ਕਰਨ ਦੀ ਵੀ ਸਿਧਾਂਤਕ ਰੂਪ ਨਾਲ ਸਿੱਖਿਆ ਦਿੱਤੀ ਜਾਂਦੀ ਹੈ। ਪ੍ਰੋ: ਰਾਜਿੰਦਰ ਸਿੰਘ, ਭਾਈ ਅਵਤਾਰ ਸਿੰਘ, ਭਾਈ ਮਹਿੰਦਰ ਸਿੰਘ, ਇਸ ਸੰਸਥਾ ਦੇ ਮਹਾਨ ਸੰਗੀਤਕਾਰ ਹਨ। ਤਬਲਾਵਾਦਕ ਭਾਈ ਕਾਲੇ ਖਾਂ, ਭਾਈ ਹਰਭਜਨ ਸਿੰਘ ਆਦਿ ਨੇ ਇਸ ਟਕਸਾਲ ਤੋਂ ਸਿੱਖਿਆ ਪ੍ਰਾਪਤ ਕੀਤੀ।

13. **ਸੇਵਾ-ਪੰਥੀ ਟਕਸਾਲ** : ਭਾਈ ਘਨ੍ਹੱਈਆ ਜੀ ਨੇ ਸੰਨ 1648 ਈ: ਵਿਚ ਆਪਣੇ ਪਿੰਡ ਸੋਧਰੇ ਵਿਖੇ ਇਸ ਟਕਸਾਲ ਦੀ ਸਥਾਪਨਾ ਕੀਤੀ। ਦੇਸ਼ ਦੀ ਵੰਡ ਸਮੇਂ ਇਹ ਸੰਸਥਾ ਸੋਧਰੇ ਤੋਂ ਤਬਦੀਲ ਹੋ ਕੇ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਆ ਗਈ। ਇਸ ਸੰਸਥਾ ਵਿਚ 'ਸੇਵਾ ਪੰਥੀ ਗੁਰਮਤਿ ਵਿਦਿਆਲਾ' ਵੱਲੋਂ ਗੁਮਤਿ ਮਰਿਯਾਦਾ ਅਨੁਸਾਰ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ।

14. **ਜਵੱਦੀ ਕਲਾਂ ਟਕਸਾਲ** : ਇਸ ਟਕਸਾਲ ਦਾ ਆਰੰਭ ਬਾਬਾ ਸੁੱਚਾ ਸਿੰਘ ਜੀ ਵੱਲੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਭਾਈ ਜਵੰਦਾ ਜੀ ਦੇ ਪਿੰਡ ਜਵੱਦੀ ਕਲਾਂ (ਲੁਧਿਆਣਾ) ਵਿਖੇ ਕੀਤਾ ਗਿਆ। ਇਸ ਸੰਸਥਾ ਵੱਲੋਂ ਹਰ ਸਾਲ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾਦਾ ਹੈ। ਇਸ ਵਿਚ ਰਾਗੀ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਦੇ ਹਨ।

15. **ਸਿੰਘਾਂ ਵਾਲਾ ਟਕਸਾਲ** : ਇਸ ਟਕਸਾਲ ਦੀ ਸਥਾਪਨਾ ਭਾਈ ਸੁੰਦਰ ਸਿੰਘ ਜੀ ਅਤੇ ਭਾਈ ਗੁਰਬਚਨ ਸਿੰਘ ਜੀ ਨੇ ਸੰਨ 1882 ਈ: ਵਿਚ ਪਿੰਡ ਸਿੰਘਾ ਵਾਲਾ ਵਿਖੇ ਕੀਤੀ। ਭਾਈ ਧਰਮ ਸਿੰਘ, ਭਾਈ ਸੂਰ ਸਿੰਘ ਕਲਕੱਤਾ, ਭਾਈ ਦਲੀਪ ਸਿੰਘ ਜਲੰਧਰ, ਭਾਈ ਤ੍ਰਿਲੋਕ ਸਿੰਘ ਸ਼ਿਮਲਾ, ਭਾਈ ਅਵਤਾਰ ਸਿੰਘ ਲੁਧਿਆਣਾ, ਭਾਈ ਰਜਿੰਦਰ ਸਿੰਘ ਅਤੇ ਭਾਈ ਖਜ਼ਾਨ ਸਿੰਘ ਇਸੇ ਟਕਸਾਲ ਨਾਲ ਸੰਬੰਧਤ ਰਹੇ ਹਨ।

16. **ਹਰਗਨਾ ਟਕਸਾਲ** : ਇਸ ਟਕਸਾਲ ਦੀ ਸਥਾਪਨਾ ਚਮਕੌਰ ਵਿਖੇ ਹੋਈ ਹੈ। ਇਸ ਟਕਸਾਲ ਵਿਚ ਗਾਇਨ ਅਤੇ ਵਾਦਨ ਦੋਹਾਂ ਤਰ੍ਹਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਟਕਸਾਲ ਨਾਲ ਸੰਬੰਧਤ ਪ੍ਰਸਿੱਧ ਗੁਰਮਤਿ ਸੰਗੀਤ ਵਿਦਵਾਨ ਪ੍ਰੋ: ਤਾਰਾ ਸਿੰਘ, ਭਾਈ ਜਸਵੰਤ ਸਿੰਘ ਭੰਵਰਾ, ਭਾਈ ਬਲਦੇਵ ਸਿੰਘ, ਪ੍ਰਸਿੱਧ ਪੰਜਾਬੀ ਲੋਕ-ਗਾਇਕ ਸਰਦੂਲ ਸਿਕੰਦਰ ਦੇ ਪਿਤਾ ਸ੍ਰੀ ਸਾਗਰ ਮਸਤਾਨ ਜੀ ਨੇ ਅਨੇਕਾ ਸਿੱਖਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ।

17. **ਗੁਰਮਤਿ ਸੰਗੀਤ ਸੁਸਾਇਟੀ ਪਟਿਆਲਾ** : ਇਸ ਸੁਸਾਇਟੀ ਦੀ ਸਥਾਪਨਾ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਗਿਆਤਾ ਪ੍ਰੋ: ਤਾਰਾ ਸਿੰਘ ਨੇ ਕੀਤੀ। ਉਹਨਾਂ ਤੋਂ ਬਾਅਦ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਇਸ ਸੁਸਾਇਟੀ ਨੇ ਕੰਮ ਕੀਤਾ। ਇਸ ਸੰਸਥਾ ਵੱਲੋਂ ਬਿਨਾ ਕੋਈ ਭੇਟਾ ਲਏ ਲੜੀਵਾਰ ਕਿਸੇ ਨਾ ਕਿਸੇ ਗੁਰਸਿੱਖ ਦੇ ਘਰ ਕੀਰਤਨ ਕਰਨ ਦੀ ਰੀਤ ਚਲਾਈ ਗਈ। ਡਾ. ਗੁਰਨਾਮ ਸਿੰਘ, ਪ੍ਰੋ: ਜਬਰਜੰਗ ਸਿੰਘ ਆਦਿ ਇਸੇ ਟਕਸਾਲ ਨਾਲ ਸੰਬੰਧ ਹਨ।

18. **ਅੰਮ੍ਰਿਤ ਕੀਰਤਨ ਟਰੱਸਟ ਚੰਡੀਗੜ੍ਹ** : ਇਸ ਟਰੱਸਟ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ। ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ ਡਾ. ਜਾਗੀਰ ਸਿੰਘ ਨੇ ਇਸ ਟਰੱਸਟ ਨੂੰ ਸਥਾਪਿਤ ਕੀਤਾ। ਟਰੱਸਟ ਵੱਲੋਂ ਗੁਰਮਤਿ ਸੰਗੀਤ ਬਾਰੇ ਜਾਣਕਾਰੀ ਦੇਣ ਲਈ 'ਅੰਮ੍ਰਿਤ ਕੀਰਤਨ' ਨਾਂ ਦਾ ਮੈਗਜ਼ੀਨ ਵੀ ਪ੍ਰਕਾਸ਼ਤ ਕੀਤਾ ਜਾਂਦਾ ਹੈ।

19. **ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ** : ਇਸ ਯੂਨੀਵਰਸਿਟੀ ਵੱਲੋਂ ਗੁਮਤਿ ਸੰਗੀਤ ਦੀ ਪਰੰਪਰਾ ਨੂੰ ਸੰਗੀਤ ਦੇ ਸੁਤੰਤਰ ਵਿਸ਼ੇ ਦੇ ਰੂਪ ਵਿਚ ਅਪਣਾਇਆ ਗਿਆ ਹੈ। ਬੀ. ਏ. ਅਤੇ ਐੱਮ. ਏ. ਸੰਗੀਤ ਦੇ ਅੰਤਰਗਤ ਗੁਰਮਤਿ ਸੰਗੀਤ ਨੂੰ ਲਾਜ਼ਮੀ ਕੀਤਾ ਹੋਇਆ ਹੈ।

20. **ਪੰਜਾਬੀ ਯੂਨੀਵਰਸਿਟੀ, ਪਟਿਆਲਾ** : ਇਸ ਯੂਨੀਵਰਸਿਟੀ ਵੱਲੋਂ ਗੁਰਮਤਿ ਸੰਗੀਤ ਪ੍ਰਤੀ ਸੈਮੀਨਾਰ ਆਦਿ ਕਰਵਾਏ ਜਾਂਦੇ ਹਨ। ਗੁਰਮਤਿ ਸੰਗੀਤ 'ਤੇ ਅਨੇਕਾਂ ਕਿਤਾਬਾਂ ਲਿਖੀਆਂ ਜਾ ਰਹੀਆਂ ਹਨ। ਐੱਮ. ਏ. ਵਿਚ ਗੁਰਮਤਿ ਸੰਗੀਤ ਨੂੰ

ਅਲੱਗ ਵਿਸ਼ੇ ਦੇ ਤੌਰ 'ਤੇ ਪੜ੍ਹਾਇਆ ਜਾ ਰਿਹਾ ਹੈ। ਦੂਰ-ਦੁਰੇਡੇ ਬੈਠੇ ਗੁਰਮਤਿ ਸੰਗੀਤ-ਪ੍ਰੇਮੀਆਂ ਲਈ ਪੱਤਰ-ਵਿਹਾਰ ਰਾਹੀਂ ਗੁਰਮਤਿ ਸੰਗੀਤ ਡਿਪਲੋਮੇ ਦੇ ਰੂਪ ਵਿਚ ਸਿੱਖਿਆ ਦਿੱਤੀ ਜਾ ਰਹੀ ਹੈ।

ਅੱਜ ਜਦ ਦਿ ਪੱਛਮੀ ਸੰਗੀਤ ਅਤੇ ਰੀਮਿਕਸ ਰਾਹੀਂ ਰੂਹਾਨੀ ਸੰਗੀਤ ਵਿਚ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ। ਅਸੀਂ ਆਪਣੇ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਜਾਣਕਾਰੀ ਦੇ ਕੇ ਆਪਣਾ ਅਮੀਰ ਵਿਰਸਾ ਸੰਭਾਲਣ ਵਿਚ ਵਡਮੁੱਲਾ ਯੋਗਦਾਨ ਪਾ ਸਕਦੇ ਹਾਂ। ਜ਼ਰੂਰਤ ਹੈ ਤਾਂ ਸਿਰਫ ਇਸ ਗੱਲ ਦੀ ਅਸੀਂ ਆਪਣੀ ਫਾਸਟ ਟਰੈਕ ਵਾਲੀ ਜ਼ਿੰਦਗੀ ਵਿਚੋਂ ਕੁਝ ਸਮਾਂ ਕੱਢ ਕੇ ਫਾਸਟ ਫੂਡ ਅਤੇ ਫਾਸਟ ਮਿਊਜ਼ਕ ਨੂੰ ਥੋੜ੍ਹਾ ਪਿਛਾਂਹ ਛੱਡਦੇ ਹੋਏ ਵਾਪਸ ਆਪਣੇ ਸ਼ਾਨਾਮੱਤੇ ਅਮੀਰ ਵਿਰਸੇ ਵਿਚੋਂ ਕੁਝ ਰੂਹਾਨੀ ਧੁਨਾ, ਕੁਝ ਦੇਸੀ ਪਕਵਾਨਾਂ ਅਰਥਾਤ ਸਿਹਤਮੰਦ ਖੁਰਾਕ (ਮੱਕੀ ਦੀ ਰੋਟੀ, ਸਰ੍ਹੋਂ ਦਾ ਰਾਗ, ਸ਼ੱਕਰ ਆਦਿ) ਅਤੇ ਸੱਭਿਅਕ ਪਹਿਰਾਵੇ ਆਦਿ ਨੂੰ ਆਪਣੇ ਬੱਚਿਆਂ ਦੀ ਜੀਵਨ-ਸ਼ੈਲੀ ਵਿਚ ਜਗ੍ਹਾ ਦਿੰਦੇ ਹੋਏ ਉਹਨਾਂ ਦੀ ਜ਼ਿੰਦਗੀ ਦਾ ਇਕ ਜ਼ਰੂਰੀ ਅੰਗ ਬਣਾਈਏ। ਬੱਚਿਆਂ 'ਤੇ ਵਿੱਦਿਅਕ ਬੋਝ ਪਹਿਲਾਂ ਨਾਲੋਂ ਜ਼ਿਆਦਾ ਹੋਣ ਕਰਕੇ ਅਸੀਂ ਹਰ ਸਾਲ ਗਰਮੀਆਂ, ਸਰਦੀਆਂ ਅਤੇ ਪੱਤਝੱੜ ਦੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਵੀਡੀਓ ਗੇਮਜ਼, ਪਾਰਟੀਆਂ ਆਦਿ ਤੋਂ ਬਚਾ ਕੇ ਗੁਰਮਤਿ ਕੈਂਪਾਂ ਵਿਚ ਸ਼ਾਮਲ ਕਰਵਾ ਕੇ ਗੁਰਮਤਿ ਸੰਗੀਤ ਦੀਆਂ ਹੋਬੀ ਕਲਾਸਾਂ ਵੀ ਲਗਵਾ ਸਕਦੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਬੱਚਿਆਂ ਨੂੰ ਵੱਡਮੁੱਲੀ ਵਿਰਾਸਤ ਤੋਂ ਜਾਣੂ ਕਰਵਾਉਣ ਦੀ ਖੁਸ਼ੀ ਹਾਸਲ ਕਰ ਸਕਦੇ ਹਾਂ।


- The quantom of ur problems is nothing compared with your ability to solve them. But by overestimating the problems, you underestimate urself

□□□

- No one will manufacture a lock without key, God wont give problems without solutions. Overcome ur problems

□□□

- Life holds both sunshine & showers, the days are not all the same. Always look through the showers for rainbows & there you will find hope.

□□□

- Be in today<br>Believe in Today<br>Be alive in today<br>Be your best today<br>Because<br>Yesterday died<br>for today<br>&<br>Tomarrow takes birth<br>from today

□□□

*With best compliments from a wellwisher*

# ਭਾਰਤੀ ਸੰਗੀਤ ਦੇ ਪ੍ਰਮਾਣਿਕ ਗ੍ਰੰਥ

**ਰਿਸ਼ਪਾਲ ਸਿੰਘ**
**ਐਮ.ਏ., ਐਮ.ਫਿਲ., ਨੈੱਟ (ਸੰਗੀਤ)**

**ਸੰਗੀਤ ਪਰਿਜਾਤ – ਲੇਖਕ ਪੰਡਿਤ ਅਹੋਬਲ**

ਪੰਡਿਤ ਅਹੋਬਲ ਭਾਰਤੀ ਸੰਗੀਤ ਦੇ ਪ੍ਰਸਿੱਧ ਗ੍ਰੰਥਕਾਰਾ ਵਿੱਚੋਂ ਇੱਕ ਸੰਗੀਤ ਦੀ ਬਹੁਮੁਖੀ ਪ੍ਰਤਿਭਾ ਵਾਲੇ ਵਿਦਵਾਨ ਸਨ। ਆਪ ਦਾ ਇਕ ਗ੍ਰੰਥਕਾਰ ਵਜੋ ਭਾਰਤੀ ਸੰਗੀਤ ਨੂੰ ਅਦੁੱਤੀ ਯੋਗਦਾਨ ਪ੍ਰਪਾਤ ਹੋਇਆ ਜਿਸਦਾ ਪ੍ਰਤੱਖ ਪ੍ਰਮਾਣ ਆਪ ਦੀਆਂ ਰਚਨਾਵਾਂ ਹਨ।ਭਾਰਤੀ ਸੰਗੀਤ ਦੇ ਮੱਧਕਾਲੀਨ ਸੰਸਕ੍ਰਿਤ ਗ੍ਰੰਥਕਾਰਾਂ ਵਿੱਚ ਆਪ ਦਾ ਮਹੱਤਵਪੂਰਨ ਸਥਾਨ ਹੈ।

ਪੰਡਿਤ ਅਹੋਬਲ ਦੇ ਜੀਵਨ ਉਪਰ ਪਿਛਲ-ਝਾਤ ਅਤੇ ਸੰਗੀਤ ਪਰਿਜਾਤ ਦਾ ਅਵਿਸ਼ਕਾਰ :

ਪੰਡਿਤ ਅਹੋਬਲ ਦੇ ਜਨਮ-ਮਰਨ ਦੀ ਮਿਤੀ ਬਾਰੇ ਕੋਈ ਵਿਸ਼ੇਸ ਜਾਣਕਾਰੀ ਪ੍ਰਾਪਤ ਨਹੀ ਹੁੰਦੀ ਵਿਦਵਾਨਾਂ ਅਨੁਸਾਰ ਇਨ੍ਹਾਂ ਦਾ ਜਨਮ 17ਵੀਂ ਸਤਾਬਦੀ ਦੇ ਪੂਰਵ-ਅਰਧ ਵਿਚ ਦੱਖਣ ਵਿੱਚ ਦਰਵਿੜ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਆਪ ਦੇ ਪਿਤਾ ਸ਼੍ਰੀ ਕ੍ਰਿਸ਼ਨ ਪੰਡਿਤ ਸੰਸਕ੍ਰਿਤ ਦੇ ਉਚ-ਕੋਟੀ ਦੇ ਵਿਦਵਾਨ ਸਨ । ਕੁਲ ਦੀ ਮਰਿਯਾਦਾ ਅਨੁਸਾਰ ਅਹੋਬਲ ਨੂੰ ਸ਼੍ਰੀ ਕ੍ਰਿਸ਼ਨ ਪੰਡਿਤ ਨੇ ਪਹਿਲਾਂ ਸੰਸਕ੍ਰਿਤ ਵਿਦਿਆ ਦੀ ਸਿਖਲਾਈ ਦਿਵਾਈ ਅਤੇ ਬਾਅਦ ਵਿੱਚ ਸੰਗੀਤ ਸ਼ਾਸ਼ਤਰ ਦਾ ਅਧਿਐਨ ਕਰਵਾਇਆ ।ਸੰਗੀਤ ਦੇ ਸ਼ਾਸ਼ਤਰ ਪੱਖ ਵਿੱਚ ਪਰਿਪੱਕਤਾ ਹਾਸਿਲ ਕਰਨ ਤੋਂ ਬਾਦ ਅਹੋਬਲ ਨੂੰ ਸੰਗੀਤ ਦੀ ਕਿਰਿਆਤਮਕ ਸਿਖਿਆ ਮਿਲਣੀ ਆਰੰਭ ਹੋਈ । ਇਕ ਹੋਣਹਾਰ ਬਾਲਕ ਹੋਣ ਕਰਕੇ ਅਹੋਬਲ ਨੇ ਕੁਝ ਹੀ ਸਮੇਂ ਵਿਚ ਦੱਖਣੀ ਸੰਗੀਤ ਦੇ ਸ਼ਾਸ਼ਤਰ ਅਤੇ ਕਿਰਿਆਤਮਕ ਪੱਖ ਵਿਚ ਪਰਿਪਕਤਾ ਹਾਸਿਲ ਕਰ ਲਈ। ਦੱਖਣੀ ਸੰਗੀਤ ਦੇ ਸ਼ਾਸ਼ਤਰ ਅਤੇ ਕਿਰਿਆਤਮਕ ਪੱਖ ਵਿੱਚ ਨਿਪੁੰਨਤਾ ਹਾਸਿਲ ਕਰਨ ਤੋਂ ਬਾਦ ਪੰਡਿਤ ਅਹੋਬਲ ਨੇ ਮਨ ਵਿੱਚ ਉਤਰ-ਭਾਰਤੀ ਸੰਗੀਤ ਦੇ ਅਧਿਐਨ ਦੀ ਜਿਗਿਆਸਾ ਲੈ ਕੇ ਸਮੁੱਚੇ ਭਾਰਤ ਦੀ ਯਾਤਰਾ ਦੀ ਅਰੰਭਤਾ ਕਰ ਲਈ । ਕਿਹਾ ਜਾਂਦਾ ਹੈ ਕਿ ਆਪ ਕੁਝ ਸਮਾਂ ਧਨਬਾਦ ਸ਼ਹਿਰ ਠਹਿਰੇ ਜਿੱਥੋ ਦਾ ਰਾਜਾ ਬਹੁਤ ਹੀ ਕਲਾ-ਪ੍ਰੇਮੀ ਸੀ । ਆਪ ਨੇ ਇਸੇ ਸਥਾਨ ਤੇ ਰਹਿਕੇ ਪੰਡਿਤ ਲੋਚਨ ਦੇ ਰਚਿਤ ਗ੍ਰੰਥ 'ਰਾਗ ਤਿਰੰਗਣੀ' ਦਾ ਅਧਿਐਨ ਕੀਤਾ ਜਿਸਦਾ ਨਤੀਜਾ ਰਿਹਾ ਕਿ ਆਪ ਨੂੰ ਉੱਤਰ ਭਾਰਤੀ ਸੰਗੀਤ ਦੀ ਵੱਡਮੁੱਲੀ ਜਾਣਕਾਰੀ ਪ੍ਰਾਪਤ ਹੋਈ। ਹਿੰਦੁਸਤਾਨੀ ਸੰਗੀਤ ਪਧੱਤੀ ਦੇ ਸ਼ਾਸ਼ਤਰ ਅਤੇ ਕਿਰਿਅਤਮਕ ਪੱਖਾਂ ਦੀ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਪੰਡਿਤ ਅਹੋਬਲ ਦੀ ਸੋਭਾ ਰਾਜੇ ਦੇ ਦਰਬਾਰ ਤੱਕ ਜਾ ਪਹੁੰਚੀ। ਆਪ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋਕੇ ਰਾਜੇ ਨੂੰ ਆਪਣੀ ਪ੍ਰਤਿਭਾ ਦਾ ਜੌਹਰ ਦਿਖਾਉਂਦੇ ਹੋਏ, ਆਪਣਾ ਗਾਇਨ ਪੇਸ਼ ਕੀਤਾ ਜਿਸਦਾ ਨਤੀਜੇ ਵਜੋਂ ਰਾਜੇ ਨੇ ਇਨ੍ਹਾਂ ਨੂੰ ਆਪਣਾ ਦਰਬਾਰੀ ਗਾਇਕ ਨਿਯੁਕਤ ਕਰ ਲਿਆ। ਇਸ ਤਰ੍ਹਾ ਪੰਡਿਤ ਅਹੋਬਲ ਨੂੰ ਹੁਣ ਯਸ਼, ਧਨ ਅਤੇ ਮਾਨ ਸਨਮਾਨ ਪ੍ਰਾਪਤ ਹੋਣ ਲਗਾ ਕਿਉਂਕਿ ਪੰਡਿਤ ਅਹੋਬਲ ਇਕ ਉੱਘੇ ਵਿਦਵਾਨ ਹੋਣ ਦੇ ਨਾਲ-ਨਾਲ ਇਕ ਉੱਤਮ ਸੰਗੀਤਕਾਰ ਅਤੇ ਕੁਸ਼ਲ ਵੀਣਾ-ਵਾਦਕ ਵੀ ਸਨ। ਰਾਜ-ਆਸ਼ਰਯ ਪ੍ਰਾਪਤ ਹੋਣ ਉਪਰੰਤ ਆਪ ਦੀਆਂ ਅਨੇਕ ਪਰਿਵਾਰਿਕ ਜਰੂਰਤਾਂ ਪੂਰੀਆਂ ਹੋ ਗਈਆ ਜਿਸ ਕਰਕੇ ਆਪ ਨੇ ਕੋਈ ਅਜਿਹਾ ਕਾਰਜ ਕਰਨ ਬਾਰੇ ਸੋਚਣਾ ਆਰੰਭ ਕੀਤਾ ਜਿਸ ਤੋਂ ਆਪ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਸਕੇ।ਇਸ ਗ੍ਰੰਥ ਦੀ ਰਚਨਾ ਵੀ 17ਵੀਂ ਸਤਾਬਦੀ ਦੇ ਉਤਰ ਅਰਧ ਵਿਚ ਹੋਈ। ਵਿਦਵਾਨਾਂ ਦੇ ਮੱਤ ਅਨੁਸਾਰ ਇਸ ਸਮੇਂ ਪੰਡਿਤ ਅਹੋਬਲ ਨੇ ਉੱਤਰੀ ਭਾਰਤੀ ਸੰਗੀਤ ਪੱਧਤੀ ਉਪਰ ਆਧਾਰਿਤ ਗ੍ਰੰਥ 'ਸੰਗੀਤ ਪਰਿਜਾਤ' ਦੀ ਰਚਨਾ ਕੀਤੀ ਜਿਸ ਕਰਕੇ ਪੰਡਿਤ ਅਹੋਬਲ ਨੇ ਉਤਰੀ ਭਾਰਤੀ ਸੰਗੀਤ ਦੇ ਜਿਗਿਆਸੂਆਂ ਲਈ ਉਪਕਾਰ ਦਾ ਕੰਮ ਕੀਤਾ। ਇਸ ਕਥਨ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ ਜੇਕਰ ਕਹਿ ਦਿਤਾ ਜਾਵੇ ਕਿ ਸੰਗੀਤ ਪਰਿਜਾਤ ਦੀ ਰਚਨਾ ਪੰਡਿਤ ਅਹੋਬਲ ਦੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਰਹੀ ਅਤੇ ਭਾਰਤੀ ਸੰਗੀਤ ਲਈ ਇਕ ਮੀਲ-ਪੱਥਰ ਸਾਬਿਤ ਹੋਈ । ਇਸ ਗ੍ਰੰਥ ਦੇ ਰੂਪ ਵਿੱਚ

ਅਹੋਬਲ ਨੇ ਭਾਰਤੀ ਸੰਗੀਤ ਨੂੰ ਆਪਣੀ ਪ੍ਰੀਤਭਾ ਦਾ ਲੋਹਾ ਮਨਵਾਇਆ ।

ਅਹੋਬਲ ਨੇ ਆਪਣੇ ਗ੍ਰੰਥ ਦਾ ਨਾਮ ਉਸ ਵਿੱਚੋਂ ਪ੍ਰਾਪਤ ਸਮਗਰੀ ਨੂੰ ਆਧਾਰ ਬਣਾਕੇ ਹੀ ਰੱਖਿਆ । 'ਪਰਿਜਾਤ' ਇਕ ਰੁੱਖ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਜਿਸ ਮਨੁੱਖ ਦੇ ਘਰ ਇਹ ਰੁੱਖ ਮੌਜੂਦ ਹੋਵੇ ਉਸ ਦੀਆਂ ਸਮੁੱਚੀਆਂ ਕਾਮਨਾਵਾਂ ਹੁੰਦੀਆ ਹਨ। ਉਸੇ ਤਰ੍ਹਾ ਸੰਗੀਤਕ ਦ੍ਰਿਸ਼ਟੀ ਤੋਂ ਵਾਚੀਏ ਤਾਂ 'ਸੰਗੀਤ ਪਰਿਜਾਤ' ਸੰਗੀਤ ਜਗਤ ਦੀਆਂ ਸੰਪੂਰਨ ਕਾਮਨਾਵਾਂ ਦੀ ਪੂਰਤੀ ਕਰਦਾ ਹੈ। ਉਤਰੀ ਭਾਰਤੀ ਸੰਗੀਤ ਦੇ ਸ਼ਾਸ਼ਤਰ ਅਤੇ ਕਿਰਿਆਤਮਕ ਪੱਖ ਉਪਰ ਆਧਾਰਿਤ ਇਹ ਰਚਨਾ ਬਹੁਤ ਹੀ ਮਹੱਤਵਪੂਰਨ ਹੈ। ਸਮੁੱਚਾ ਜਗਤ ਇਸ ਗ੍ਰੰਥ ਨੂੰ ਸੰਗੀਤ ਦਾ ਪ੍ਰਮਾਣਿਕ ਗ੍ਰੰਥ ਮੰਨਦਾ ਹੈ। ਇਸ ਗ੍ਰੰਥ ਦੀ ਰਚਨਾ ਸੰਸਕ੍ਰਿਤ ਕਾਵਿ ਸ਼ੈਲੀ ਵਿੱਚ ਹੋਈ ਜਿਸ ਵਿਚ ਕੁਲ 500 ਸ਼ਲੋਕ ਹਨ ਅਤੇ ਲੇਖਕ ਨੇ ਸੰਪੂਰਨ ਗ੍ਰੰਥ ਨੂੰ 19 ਭਾਗਾਂ ਵਿਚ ਵੰਡਿਆ ਹੈ।ਪੰਡਿਤ ਅਹੋਬਲ ਨੇ 'ਸੰਗੀਤ ਪਰਿਜਾਤ' ਰਾਹੀ ਜਿਹਨਾਂ ਪ੍ਰਮੁੱਖ ਅਤੇ ਮਹੱਤਵਪੂਰਨ ਤੱਥਾਂ ਦਾ ਵਰਣਨ ਕੀਤਾ ਹੈ ਉਹ ਇਸ ਪ੍ਰਕਾਰ ਹਨ:-

(ੳ) ਦੱਖਣੀ ਅਤੇ ਉੱਤਰੀ ਭਾਰਤੀ ਸੰਗੀਤ ਪਧਤੀਆਂ ਨੂੰ ਜੋੜਨ ਦਾ ਯਤਨ

ਪੰਡਿਤ ਅਹੋਬਲ ਦੇ 'ਸੰਗੀਤ ਪਰਿਜਾਤ' ਗ੍ਰੰਥ ਨੇ ਉਤਰੀ ਅਤੇ ਦੱਖਣੀ ਸੰਗੀਤ ਪੱਧਤੀ ਵਿਚਕਾਰ ਇਕ ਬੇੜੀ ਦੇ ਮਲਾਹ ਦਾ ਕਾਰਜ ਕੀਤਾ ਹੈ। ਅਹੋਬਲ ਮੂਲ ਰੂਪ ਵਿੱਚ ਦੱਖਣ ਦੇ ਨਿਵਾਸੀ ਸਨ ਅਤੇ ਦੱਖਣੀ ਸੰਗੀਤ ਦੇ ਪੂਰਨ ਵਿਦਵਾਨ ਵੀ ਸਨ ਅਤੇ ਉੱਤਰੀ ਭਾਰਤੀ ਸੰਗੀਤ ਦਾ ਵੀ ਆਪ ਨੇ ਡੂੰਘਾ ਅਧਿਐਨ ਕੀਤਾ। ਦੋਹਾਂ ਪੱਧਤੀਆਂ ਤੋਂ ਪ੍ਰਾਪਤ ਗਿਆਨ ਭੰਡਾਰ ਨੂੰ ਸਾਧਾਰਨ ਸੰਗੀਤ ਪ੍ਰੇਮੀਆਂ ਵਿੱਚ ਵੰਡਣ ਲਈ ਪੰਡਿਤ ਅਹੋਬਲ ਨੇ ਆਪਣੇ ਤਜਰਬੇ ਨੂੰ 'ਸੰਗੀਤ ਪਰਿਜਾਤ' ਗ੍ਰੰਥ ਵਿਚ ਸਾਕਾਰ ਕੀਤਾ । 'ਸੰਗੀਤ ਪਰਿਜਾਤ' ਦੇ ਅਧਿਐਨ ਤੋਂ ਇਹ ਤਾਂ ਸਪੱਸ਼ਟ ਹੋ ਜਾਦਾ ਹੈ ਕਿ ਪੰਡਿਤ ਅਹੋਬਲ ਨੇ 'ਸੰਗੀਤ ਪਰਿਜਾਤ' ਵਿੱਚ ਅਜਿਹੇ ਕਈ ਰਾਗਾਂ ਦਾ ਵਰਨਣ ਕੀਤਾ ਹੈ ਜੋ ਦੱਖਣੀ ਸੰਗੀਤ ਪੱਧਤੀ ਵਿੱਚ ਤਾ ਪ੍ਰਚਲਿਤ ਸਨ ਪਰੰਤੂ ਭਾਰਤੀ ਸੰਗੀਤ ਪੱਧਤੀ ਦੇ ਗਾਇਕ-ਵਾਦਕ ਉਹਨਾਂ ਰਾਗਾਂ ਤੋਂ ਅਣਜਾਣ ਸਨ। ਇਹ ਗ੍ਰੰਥ ਮੂਲ ਰੂਪ ਵਿੱਚ ਹਿੰਦੁਸਤਾਨੀ ਸੰਗੀਤ ਪਧੱਤੀ ਦਾ ਹੀ ਗ੍ਰੰਥ ਹੈ ਪਰੰਤੂ ਅਹੋਬਲ ਨੇ ਦੋਵਾਂ ਪਧਤੀਆਂ ਵਿਚਕਾਰਲੀ ਵਿੱਥ ਘਟਾਉਣ ਦਾ ਯਤਨ ਜਰੂਰ ਕੀਤਾ।

(ਅ) ਵੀਣਾ ਦੀ ਤਾਰ ਤੇ ਸਵਰ-ਸਥਾਪਨਾ ਦਾ ਅਵਿਸਕਾਰ:-

ਪੰਡਿਤ ਅਹੋਬਲ ਦਾ ਭਾਰਤੀ ਸੰਗੀਤ ਪ੍ਰਤੀ ਯੋਗਦਾਨ ਵਿੱਚ ਸਭ ਤੋਂ ਵਧੇਰੇ ਮਹੱਤਵਪੂਰਨ ਯੋਗਦਾਨ ਵੀਣਾ ਦੀ ਤਾਰ ਉਪਰ ਸਵਰਾ ਦੀ ਸਥਾਪਨਾ ਕਰਨਾ ਹੈ। ਉਹਨਾਂ ਨੇ ਸੁਰ ਅਤੇ ਗਿਆਨ ਰਹਿਤ ਵਿਅਕਤੀਆਂ ਲਈ ਬਹੁਤ ਹੀ ਆਸਾਨ ਰਸਤਾ ਦਸਿਆ । ਅਹੋਬਲ ਨੇ ਸਵਰ ਅਤੇ ਸ਼ਰੁਤੀ ਦਾ ਡੂੰਘਾ ਸਬੰਧ ਮੰਨਿਆ ਹੈ। ਕਿਸੇ ਵੀ ਦੋ ਸਵਰਾਂ ਦੀ ਦੂਰੀ ਸ਼ਰੁਤੀ ਦੁਆਰਾ ਦਰਸਾਈ ਜਾਂਦੀ ਸੀ ਪਰੰਤੂ ਅਹੋਬਲ ਕਾਲ ਵਿੱਚ ਸੰਗੀਤ ਜੀਵੀਆਂ ਲਈ ਇਕ ਨਵੇ ਅਧਿਆਇ ਦੀ ਅਰੰਭਤਾ ਹੋਈ ਅਤੇ ਵੀਣਾ ਦੀ ਤਾਰ ਲੰਬਾਈ ਰਾਹੀ ਸਵਰਾ ਦੀ ਦੂਰੀ ਨਿਸਚਿਤ ਕੀਤੀ ਜਾਣ ਲਗੀ। ਅਹੋਬਲ ਹੀ ਪਹਿਲੇ ਵਿਅਕਤੀ ਸਨ ਜਿਹਨਾਂ ਨੇ ਕਾਲਪਨਿਕ ਮਾਪ-ਸ਼ਰੁਤੀ ਦੀ ਜਗ੍ਹਾ ਵਿਗਿਆਨਿਕ ਮਾਪ, ਤਾਰ ਦੀ ਲੰਬਾਈ ਅਤੇ ਅੰਦੋਲਨ ਸੰਖਿਆ ਦੀ ਰਚਨਾ ਕੀਤੀ। ਪੰਡਿਤ ਅਹੋਬਲ ਨੇ 36 ਇੰਚ ਲੰਬਾਈ ਵਾਲੇ ਖੁਲੇ ਤਾਰ ਉਪਰ 12 ਸਵਰਾਂ ਦੀ ਸਥਾਪਨਾ ਕੀਤੀ ਅਤੇ ਉਸਦੀ ਅੰਦੋਲਨ ਸੰਖਿਆ ਪ੍ਰਾਪਤ ਕੀਤੀ। ਇਸ ਤਰ੍ਹਾ ਵੀਣਾ ਦੀ ਤਾਰ ਦੀ 36 ਇੰਚ ਲੰਬਾਈ ਮੰਨਕੇ ਵੱਖ-ਵੱਖ ਨਾਪਾਂ ਰਾਹੀ ਸ਼ੁਧ ਅਤੇ ਵਿਕਰਿਤ ਸਵਰਾਂ ਦੀ ਸਥਾਪਨਾ ਦਾ ਅਵਿਸ਼ਕਾਰ ਕੀਤਾ ਪਰੰਤੂ ਇਥੇ ਇਹ ਵੀ ਵਰਣਨਯੋਗ ਹੈ ਕਿ ਪੰਡਿਤ ਅਹੋਬਲ ਦੀ ਸਵਰ ਸਥਾਪਨਾ ਦਾ ਵਰਣਨ ਜਿਆਦਾ ਸਪਸ਼ਟ ਨਹੀ ਹੈ। ਇਹੀ ਕਾਰਨ ਹੈ ਜਿਥੇ ਕਿਤੇ ਵੀਣਾ ਦੀ ਤਾਰ ਉਪਰ ਸਵਰ ਸਥਾਪਨਾ ਦੀ ਗੱਲ ਆਉਂਦੀ ਹੈ ਤਾਂ ਸ਼੍ਰੀ ਨਿਵਾਸ ਦਾ ਨਾਮ ਸਾਹਮਣੇ ਆਉਂਦਾ ਹੈ ਕਿਉਂਕਿ ਉਹਨਾ ਨੇ ਆਪਣੀ ਪੁਸਤਕ 'ਰਾਗ ਤਤਵ ਵਿਬੋਧ' ਵਿੱਚ ਸਵਰ ਸਥਾਪਨਾ ਦਾ ਵੱਧ ਸਰਲ ਅਤੇ ਸਪਸ਼ਟ ਵਰਨਣ ਕੀਤਾ ਹੈ ਪਰੰਤੂ ਸਵਰ ਸਥਾਪਨਾ ਦੀ ਇਸ ਈਜਾਦ ਦਾ ਸਿਹਰਾ ਪੰਡਿਤ ਅਹੋਬਲ ਨੂੰ ਹੀ ਜਾਂਦਾ ਹੈ। ਅਹੋਬਲ ਦੀ ਇਸ ਵਿਗਿਆਨਿਕ ਸਵਰ ਸਥਾਪਨਾ ਪ੍ਰਣਾਲੀ ਤੋਂ

ਭਾਰਤੀ ਸੰਗੀਤ ਵਿੱਚ ਸਵਰ ਸਥਾਪਨਾ ਦਾ ਇਕ ਨਵਾਂ ਦੌਰ ਸ਼ੁਰੂ ਹੁੰਦਾ ਹੈ। ਉਹਨਾਂ ਰਾਹੀ ਦਰਸਾਈ ਵਿਧੀ ਦੁਆਰਾ ਸੜਜ ਪੰਚਮ ਅਤੇ ਸੜਜ ਮਾਧਿਅਮ ਭਾਵ ਵੀ ਬਰਾਬਰ ਰਹਿੰਦੇ ਹਨ।

(ੲ) ਸਵਰ ਦੀ ਦ੍ਰਿਸ਼ਟੀ ਤੋਂ ਮਹੱਤਵ:

ਪੰਡਿਤ ਅਹੋਬਲ ਨੇ ਸਭ ਤੋਂ ਪਹਿਲਾਂ ਸਪਤਕ ਵਿਚ 12 ਸਵਰਾਂ ਦਾ ਪ੍ਰਯੋਗ ਕੀਤਾ ਹੈ । ਸੰਗੀਤ ਪਰਿਜਾਤ ਦੇ ਰਾਗ ਅਧਿਆਇ ਵਿੱਚ 29 ਸਵਰਾਂ ਦਾ ਨਾਮ ਤਾਂ ਜਰੂਰ ਆਇਆ ਹੈ ਪਰੰਤੂ ਉਹਨਾ ਦੇ ਕੁਝ ਸਵਰਾਂ ਦੇ ਨਾਮ ਇਕ ਤੋਂ ਵੱਧ ਹੋਣ ਕਰਕੇ ਕੁਲ 12 ਸਵਰ ਹੀ ਬਣਦੇ ਹਨ। ਇੰਝ ਲਗਦਾ ਹੈ ਕਿ ਜਿਵੇਂ ਉਹਨਾਂ ਨੇ ਸੰਗੀਤ ਦੇ ਭਵਿੱਖ ਦੀ ਕਲਪਨਾ ਬਹੁਤ ਸਮਾਂ ਪਹਿਲਾਂ ਹੀ ਕਰ ਲਈ ਹੋਵੇ। ਰਾਗਾਂ ਦੀ ਵਿਸਤ੍ਰਿਤ ਜਾਣਕਾਰੀ ਦਿੰਦੇ ਸਮੇਂ ਪੰਡਿਤ ਅਹੋਬਲ ਕੇਵਲ 12 ਸਵਰਾਂ ਤਕ ਹੀ ਸੀਮਿਤ ਰਹੇ ਹਨ। ਅਹੋਬਲ ਨੇ ਸੱਤ ਸ਼ਰੁਤੀਆਂ ਨੂੰ ਦੋ-ਦੋ ਨਾਮ ਦਿਤੇ ਹਨ। 7 ਸ਼ੁਧ, 8 ਕੋਮਲ, 14 ਤੀਵਰ ਕੁਲ ਮਿਲਾਕੇ 29 ਸਵਰ ਮੰਨੇ ਹਨ ਪਰੰਤੂ ਸ਼ਰੁਤੀਆਂ 22 ਹੀ ਮੰਨੀਆਂ ਹਨ। ਇਸ ਤਰ੍ਹਾ ਪੰਡਿਤ ਅਹੋਬਲ ਨੇ ਸੰਗੀਤ ਜਗਤ ਵਿੱਚ ਮੁੱਖ ਦੋ ਆਧਾਰ ਪੱਥਰ ਸਥਾਪਿਤ ਕੀਤੇ ਹਨ।

(ਸ) ਪ੍ਰਚਲਿਤ ਰਾਗਾਂ ਵਿਸਥਾਰਪੂਰਵਕ ਵਰਨਣ:

ਪੰਡਿਤ ਅਹੋਬਲ ਨੇ 'ਸੰਗੀਤ ਪਰਿਜਾਤ' ਵਿੱਚ ਉਸ ਸਮੇਂ ਦੇ ਪ੍ਰਚਲਿਤ ਲਗਭਗ 125 ਰਾਗਾਂ ਦਾ ਵਿਸਥਾਰਪੂਰਵਕ ਵਰਨਣ ਕੀਤਾ ਹੈ। ਆਪ ਨੇ ਰਾਗਾਂ ਦਾ ਵਿਸਥਾਰ ਕਰਦੇ ਸਮੇਂ ਰਾਗ ਦੀ ਵਿਸ਼ੇਸ਼ਤਾ, ਆਰੋਹ-ਅਵਰੋਹ, ਗ੍ਰਹਿ, ਨਿਆਸ ਅਤੇ ਛੰਦਾਵਲੀ ਦਾ ਬਹੁਤ ਹੀ ਸੁੰਦਰ ਢੰਗ ਨਾਲ ਪ੍ਰਯੋਗ ਕੀਤਾ ਹੈ। । ਪੰਡਿਤ ਅਹੋਬਲ ਨੇ ਰਾਗ ਦੇ ਆਰੰਭਿਕ ਸਵਰ ਸਮੂਹ ਨੂੰ 'ਉਦਗ੍ਰਹਿ ਕਾਰਕ ਤਾਨ' ਦਾ ਨਾਮ ਦਿਤਾ ਹੈ। ਆਪ ਨੇ ਮੂਰਛਨਾਵਾਂ ਨੇ ਅਨੇਕ ਭੇਦ ਦਰਸਾਏ ਹਨ ਜੋ ਕਿ ਪੰਡਿਤ ਅਹੋਬਲ ਦੀ ਨਿਜੀ ਵਿਸ਼ੇਸ਼ਤਾ ਵੀ ਹੈ।

ਸੰਗੀਤ ਦੇ ਹੋਰ ਮਹੱਤਵਪੂਰਨ ਪੱਖਾਂ ਦੀ ਜਾਣਕਾਰੀ:

ਪੰਡਿਤ ਅਹੋਬਲ ਨੇ ਸੰਗੀਤ ਪਾਰਿਜਾਤ ਗ੍ਰੰਥ ਵਿੱਚ ਪ੍ਰਾਚੀਨ ਕਾਲ ਦੇ ਸ਼ਾਸ਼ਤਰੀ ਵਿਦਵਾਨਾਂ ਦਾ ਵਰਣਨ ਵੀ ਕੀਤਾ ਹੈ। ਸੰਗੀਤ ਦੀ ਪ੍ਰਸੰਸਾ ਸਬੰਧੀ ਪੰਡਿਤ ਅਹੋਬਲ ਦਾ ਮੰਨਣਾ ਹੈ ਕਿ ਮਨੁੱਖ ਦੁਆਰਾ ਕੀਤਾ ਗਿਆ ਗਾਇਨ , ਵਾਦਨ ਅਤੇ ਨ੍ਰਿਤ ਪ੍ਰਮਾਤਮਾ ਨੂੰ ਵੀ ਖੁਸ਼ ਕਰ ਲੈਂਦਾ ਹੈ। ਪੰਡਿਤ ਅਹੋਬਲ ਨੇ ਦੇਸੀ ਅਤੇ ਮਾਰਗੀ ਸੰਗੀਤ ਦਾ ਵਰਣਨ , ਅਲੰਕਾਰਾਂ ਦੇ 68 ਪ੍ਰਕਾਰਾ ਦਾ ਵਰਣਨ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ ਹੈ। ਸੰਗੀਤ ਪਰਿਜਾਤ ਗ੍ਰੰਥ ਦੇ ਅਧਿਐਨ ਉਪਰੰਤ ਇਹੀ ਕਿਹਾ ਜਾ ਸਕਦਾ ਹੈ ਕਿ ਅਹੋਬਲ ਰਚਿਤ ਗ੍ਰੰਥ 'ਸੰਗੀਤ ਪਰਿਜਾਤ' ਇਕ ਸੰਪੂਰਨ ਅਤੇ ਮਹਾਨ ਗ੍ਰੰਥ ਹੈ ਅਤੇ ਅੱਜ ਦੇ ਵਿਗਿਆਨਿਕ ਯੁੱਗ ਵਿੱਚ ਵੀ ਇਹੀ ਗ੍ਰੰਥ ਸੰਗੀਤ ਜਗਤ ਦਾ ਮਾਰਗ ਦਰਸ਼ਨ ਕਰਦਾ ਆ ਰਿਹਾ ਹੈ। ਅੱਜ ਚਾਹੇ ਪੰਡਿਤ ਅਹੋਬਲ ਇਕ ਮਹਾਨ ਵਿਦਵਾਨ, ਸੰਗੀਤ ਮਲਾਹ ਦੀ ਆਤਮਾ ਪੰਜ-ਭੂਤਕ ਸਰੀਰ ਤਿਆਗ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ ਹੈ ਪਰੰਤੂ ਅਹੋਬਲ ਦੁਆਰਾ ਨਾਦ ਸਾਗਰ ਵਿਚੋਂ ਗਦ-ਗਦ ਕਰਦਾ ਨਿਕਲਿਆ ਰਸ 'ਸੰਗੀਤ ਪਰਿਜਾਤ' ਰੂਪੀ ਸੰਗੀਤ ਸੰਸਾਰ ਦੀਆਂ ਸੰਪੂਰਨ ਕਾਮਨਾਵਾਂ ਦੀ ਪੂਰਤੀ ਕਰਦਾ ਰਹੇਗਾ ਅਜਿਹਾ ਮੇਰਾ ਵਿਸ਼ਵਾਸ਼ ਹੈ।

ਪਿੰਡ ਨੂਰਪੁਰਾ, ਤਹਿ: ਪਾਤੜਾਂ, ਜਿਲ੍ਹਾ ਪਟਿਆਲਾ
ਮੋ: 9915105008

Phone : (O) 011-23312440

Sawhney Cloth House

46, Shanker Market, Connaught Circus, New Delhi - 110 001

# RAGI JATHA OF BHAI SANTA SINGH

**Dr Jagir Singh**

The ragi jatha of Bhai Santa Singh was one of the very popular Jathas of his time. The Jatha got its fame due to its rendering of the kirtan in its high and melodious voice. Bhai Santa Singh's voice had a touch of faminality, as a result, he mostly based to sing on the Tar Saptak. His reets (tune) were mostly based on the old and classical ragas.

He was born in 1902. He got his training in music from the orphanage at Amritsar. He took instructions under famous Kirtan teacher Master Sai Ditta.

Bhai Santa Singh formed a ragi jatha along with Bhai Surjan Singh. When he started singing at the Gurdwara Baba Attal, the sangat was highly appreciative. His turn for Kirtan would fall at 4 in the mroning. Even at that early hour, the periphery or the Parikarma of the gurdwara would be fully occupied by the devotee audience.

Due to certain reasons he left performing Kirtan for some time after 1947 and became a contractor. But an artist can never be a contractor, so he was completely unsuccessful. He relised that he was not born to be a contractor but to serve the people through music. Once again he entered the field of kirtan.

This time he formed a ragi jatha along with along with his brothers. He left Amritsar and settled in Delhi and started serving Gurudwara Sis Ganj through his Kirtan. He got both name and fame in the field of Kirtan while serving at Gurdwara Sis Ganj. The devotee listeners would always be ready to serve him any way.

Once he was walking towards his home after kirtan. A member of the audience met him on the way. He asked him "Why are you going on foot, Bhai Sahib?"

The Bhai Replied, "Taxi is very expensive and I feel suffocated in the crowded Buses, hence I walk to and fro."

The wealthy listener had very regards for Bhai Sahib. The same evening he presented his own car to the Bhai.

Some of the scholar believe that the style of Bhai Santa Singh's Kirtan was magical and could cast a spell on the audience not to talk of human beings, even celestial audience would spell bound.

Once was facing draught. People were playing for food and water. Bhai Santa Singh sand the following hymn from the holy Guru Granth SahibL

Sabhe Jeet Samal Apni Mehar Kar.

Ann Pani Much Upaye

Dukh Dalid Bhanitar.

(O Lord! have mercy and save all the living beings. Be kind and bless us with food and water. Let greif and pverty vanish.)

He sang hymn with so deep sense of anguish and emotions that months draught ended.

During one of his Kirtan Sessions at the time of performance of last rights he sang the following hymnL

"Baba Bikh Dekhya Sansar.

Rakhiya Karo Gusain Mere

Mein Naam Tera Adhaar."

(O Father! the world is seen to be a poisoned. Save me my Lord! I depute only on thy name)

The tune of this hymn deeply emptional and it arose so deep pathos in the minds of all the audience that all the eyes were full of tears.


we get few gramophone records of the hymns sung by Bhai Santa Singh. Their tunes have the captivating power and remain impressive ever today.

- Bhinni rainerie chamkan tare.
- Bali rove nahen bhatar

Nanak dukhiya Sab Sansar

It is true that his audience showered enough wealth before him, but he did not let his art be influence by wealthy; neither did heL ever pray mentioning names of individuals.

He expired on 16th November 1966 but he remains immortal because of his art. His family members are following the style taught by him.

# PRESS NOTE

ਪਟਿਆਲਾ, 4 ਦਸੰਬਰ : ਤਿੰਨ ਰੋਜ਼ਾ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਸਮਾਪਨ ਦਿਨ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ, ਡੀਨ ਫੈਕਲਟੀ ਆਫ ਆਰਟਸ ਐਂਡ ਕਲਚਰ ਅਤੇ ਹੋਰਾਂ ਵਲੋਂ ਪ੍ਰਸਿਧ ਸ਼ਾਸਤਰੀ ਗਾਇਕ ਪੰਡਤ ਯਸ਼ਪਾਲ ਜੀ (ਚੰਡੀਗੜ੍ਹ) ਨੂੰ 'ਪੰਜਾਬ ਸੰਗੀਤ ਰਤਨ - 2009' ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਇਹ ਐਵਾਰਡ ਬੀਬੀ ਜਸਬੀਰ ਕੌਰ ਖਾਲਸਾ, ਚੇਅਰਪਰਸਨ - ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ ਵਲੋਂ ਸਪਾਂਸਰ ਕੀਤਾ ਜਾਂਦਾ ਹੈ ।

ਆਗਰਾ ਘਰਾਣਾ ਦੇ ਸੁਪ੍ਰਸਿਧ ਪੰਜਾਬੀ ਸ਼ਾਸਤਰੀ ਗਾਇਕ ਪੰਡਤ ਯਸ਼ਪਾਲ ਜੀ ਦੀ ਭਾਰਤੀ ਸ਼ਾਸਤਰੀ ਸੰਗੀਤ ਵਿਚ ਵਿਲੱਖਣ ਪਛਾਣ ਹੈ । ਆਪ ਨੇ ਆਪਣੇ ਯੋਗਦਾਨ ਦੁਆਰਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਅਤੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਬਤੌਰ ਸ਼ਾਸਤਰੀ ਗਾਇਕ ਅਤੇ ਅਧਿਆਪਕ ਵਿਸ਼ੇਸ਼ ਯੋਗਦਾਨ ਪਾਇਆ ।

ਆਗਰਾ ਘਰਾਣਾ ਦੇ ਸੁਪ੍ਰਸਿਧ ਪੰਜਾਬੀ ਸ਼ਾਸਤਰੀ ਗਾਇਕ ਪੰਡਤ ਯਸ਼ਪਾਲ ਜੀ ਦੀ ਭਾਰਤੀ ਸ਼ਾਸਤਰੀ ਸੰਗੀਤ ਵਿਚ ਵਿਲੱਖਣ ਪਛਾਣ ਹੈ । ਆਪ ਨੇ ਆਪਣੇ ਯੋਗਦਾਨ ਦੁਆਰਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਅਤੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਬਤੌਰ ਸ਼ਾਸਤਰੀ ਗਾਇਕ ਅਤੇ ਅਧਿਆਪਕ ਵਿਸ਼ੇਸ਼ ਯੋਗਦਾਨ ਪਾਇਆ । ਹਰਿਵਲੱਭ ਸੰਗੀਤ ਸੰਮੇਲਨ ਤੋਂ ਗਿਆਰਾਂ ਸਾਲ ਦੀ ਉਮਰ ਵਿਚ ਪ੍ਰਾਰੰਭ ਆਪ ਜੀ ਦੀਆਂ ਸ਼ਾਸਤਰੀ ਗਾਇਨ ਪੇਸ਼ਕਾਰੀਆਂ ਦਾ ਸਫ਼ਰ ਰਾਸ਼ਟਰੀ ਅੰਤਰ-ਰਾਸ਼ਟਰੀ ਪੱਧਰ ਤੱਕ ਆਗਰਾ ਘਰਾਣਾ ਦੀ ਪ੍ਰਮਾਣਿਕ ਗਾਇਕੀ ਦਾ ਵਾਹਕ ਬਣਿਆ । ਆਲ ਇੰਡੀਆ ਰੇਡੀਓ ਦੇ ਟਾਪ ਗ੍ਰੇਡ ਆਰਟਿਸਟ ਪੰਡਤ ਯਸ਼ਪਾਲ ਜੀ ਨੂੰ ਅਨੇਕ ਸੰਸਥਾਵਾਂ ਵਲੋਂ ਮਾਣ ਸਨਮਾਨ ਪ੍ਰਾਪਤ ਹੋਏ ਜਿਨ੍ਹਾਂ ਵਿਚ **ਡੈਡਿਕੇਟਿਡ ਐਜੂਕੇਸ਼ਨਿਸਟ, ਸੰਗੀਤ ਸੁਮੇਰੂ, ਸੰਗੀਤ ਸ਼੍ਰੋਮਣੀ,** ਪੰਜਾਬ ਸਰਕਾਰ ਵਲੋਂ **ਸਟੇਟ ਐਵਾਰਡ** ਅਤੇ **ਪੰਜਾਬ ਸੰਗੀਤ ਨਾਟਕ ਅਕੈਡਮੀ ਐਵਾਰਡ** ਵਿਸ਼ੇਸ਼ ਹਨ।

ਇਸ ਮੌਕੇ 'ਤੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਸੰਗੀਤ ਜਗਤ ਦੇ ਵਰਤਮਾਨ ਯੁਗ ਵਿਚ ਪੰਜਾਬ ਦੇ ਸੰਗੀਤ ਦੀ ਵੱਖ-ਵੱਖ ਧਾਰਾਵਾਂ ਦੀ ਪ੍ਰਮਾਣਿਕਤਾ ਅਤੇ ਪ੍ਰਸਾਰ ਲਈ ਸ਼ਾਸਤਰੀ ਸੰਗੀਤ ਦੀ ਸਿਖਿਆ ਅਤੇ ਪ੍ਰਸਤੁਤੀ ਬਹੁਤ ਜਰੂਰੀ ਹੈ । ਉਨ੍ਹਾਂ ਨੇ ਫੈਕਲਟੀ ਆਫ ਆਰਟਸ ਐਂਡ ਕਲਚਰ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਗਲੇ ਵਰ੍ਹੇ, ਨਵ ਸਿਖਾਂਦਰੂ ਕਲਾਕਾਰਾਂ ਨਾਲ ਪੰਜਾਬੀ ਯੂਨੀਵਰਸਿਟੀ ਇਹ ਸਮਾਗਮ ਹੋਰ ਉਤਸ਼ਾਹ ਨਾਲ ਆਯੋਜਿਤ ਕਰੇਗੀ ।

ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਵਿਚ ਰਾਸ਼ਟਰੀ ਅੰਤਰ-ਰਾਸ਼ਟਰੀ ਪ੍ਰਸਿਧੀ ਦੇ ਸ਼ਾਸਤਰੀ ਗਾਇਕਾਂ ਨੇ ਭਾਗ ਲਿਆ ਜਿਨ੍ਹਾਂ ਵਿਚੋਂ 'ਸਿੰਘ ਬੰਧੂ' ਸ. ਸੁਰਿੰਦਰ ਸਿੰਘ' (ਸ਼ਾਸਤਰੀ ਗਾਇਕ), ਪੰਡਤ ਯਸ਼ਪਾਲ (ਸ਼ਾਸਤਰੀ ਗਾਇਕ), ਡਾ. ਨਿਵੇਦਿਤਾ ਸਿੰਘ (ਸ਼ਾਸਤਰੀ ਗਾਇਕ), ਪੰਡਤ ਰਮਾ ਕਾਂਤ (ਤਬਲਾ ਵਾਦਕ), ਸ੍ਰੀ ਮਨੂ ਸੀਨ (ਸਿਤਾਰ ਵਾਦਕ), ਡਾ. ਹਰਵਿੰਦਰ ਸ਼ਰਮਾ (ਸਿਤਾਰ ਵਾਦਕ), ਸ. ਸ਼ਮਿੰਦਰ ਪਾਲ ਸਿੰਘ - ਸ. ਸਤਵਿੰਦਰ ਪਾਲ ਸਿੰਘ (ਸਾਰੰਗੀ ਵਾਦਕ) ਅਤੇ ਸ੍ਰੀ ਅਰੁਣ ਕੁਮਾਰ ਝਾਅ (ਪਖਾਵਜ ਵਾਦਕ) ਪ੍ਰਮੁਖ ਨਾਮ ਹਨ ।

ਸੰਮੇਲਨ ਦੌਰਾਨ ਹੀ ਪੰਜਾਬੀ ਯੂਨੀਵਰਸਿਟੀ ਵਲੋਂ ਸਾਲ 2009-10 ਲਈ 'ਸਿੰਘ ਬੰਧੂ' ਸ. ਸੁਰਿੰਦਰ ਨੂੰ ਸੀਨੀਅਰ ਫੈਲੋਸ਼ਿਪ ਪ੍ਰਦਾਨ ਕੀਤੀ ਗਈ । ਸੈਸ਼ਨ 2009-10 ਲਈ 'ਸਿੰਘ ਬੰਧੂ' ਸ. ਸੁਰਿੰਦਰ ਸਿੰਘ ਵਲੋਂ ਗੁਰਮਤਿ ਸੰਗੀਤ ਚੇਅਰ ਵਿਖੇ ਵਿਦਿਆਰਥੀਆਂ ਨੂੰ ਸਿਖਿਆ ਦਿਤੀ ਜਾਵੇਗੀ ਜੋ ਕਿ ਪੰਜਾਬ ਦੇ ਸੰਗੀਤ ਵਿਦਿਆਰਥੀਆਂ ਲਈ ਇੱਕ ਸੁਨਹਿਰੀ ਮੌਕਾ ਸਥਾਪਤ ਹੋਵੇਗਾ ।

ਸਮਾਗਮ ਦੇ ਅੰਤਿਮ ਦਿਨ, ਪਹਿਲੀ ਪ੍ਰਸਤੁਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੇ ਪਖਾਵਜ ਵਾਦਕ ਸ੍ਰੀ ਅਰੁਣ ਕੁਮਾਰ ਝਾਅ ਵਲੋਂ ਦਿਤੀ ਗਈ । ਸ੍ਰੀ ਅਰੁਣ ਕੁਮਾਰ ਨੇ ਚਾਰ ਤਾਲ ਵਿਚ ਆਪਣੀ ਪੇਸ਼ਕਾਰੀ ਦੀ ਪ੍ਰਸਤੁਤੀ ਕੀਤੀ ।

ਦੂਸਰੀ ਪ੍ਰਸਤੁਤੀ ਦੌਰਾਨ ਪ੍ਰਸਿਧ ਸਾਰੰਗੀ ਵਾਦਕ ਸ. ਸ਼ਮਿੰਦਰ ਪਾਲ ਸਿੰਘ ਅਤੇ ਉਨਾਂ ਦੇ ਸ਼ਿਸ਼ ਤੇ ਪੁਤਰ ਸ. ਸਤਵਿੰਦਰ ਪਾਲ ਸਿੰਘ ਵਲੋਂ ਰਾਗ ਵਾਰਸਪਤੀ ਅਤੇ ਰਾਗ ਮਿਸ਼ਰ ਪਹਾੜੀ ਵਿਚ ਕੀਤੀ ਗਈ ਪੇਸ਼ਕਾਰੀ ਨੇ ਸੰਗੀਤ ਪ੍ਰੇਮੀਆਂ ਦੀ ਵਾਹਵਾਹੀ ਲੁਟੀ ।

ਅੰਤਿਮ ਪ੍ਰਸਤੁਤੀ ਵਿਚ ਪੰਡਤ ਯਸ਼ਪਾਲ ਜੀ ਨੇ ਵੱਖ-ਵੱਖ ਰਚਨਾਵਾਂ ਦਾ ਸ਼ਾਸਤਰੀ ਗਾਇਨ ਕਰਕੇ ਸੰਗੀਤ ਪ੍ਰੇਮੀਆਂ ਦਾ ਮਨ ਮੋਹ ਲਿਆ ।

ਇਸ ਸੰਮੇਲਨ ਵਿਚ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਵੜੈਚ (ਆਲ ਇੰਡੀਆ ਰੇਡੀਓ - ਸਟੇਸ਼ਨ ਡਾਇਰੈਕਟਰ), ਰਵਿੰਦਰ ਸਿੰਘ (ਬੰਸੁਰੀ ਵਾਦਕ), ਡਾ. ਗੁਰਚਰਨ ਸਿੰਘ, ਡਾ. ਯੋਗੇਸ਼ ਗੰਭੀਰ, ਡਾ. ਜੋਧ ਸਿੰਘ, ਡਾ. ਜਾਗੀਰ ਸਿੰਘ, ਡਾ. ਨਵਜੋਤ ਕਸਲੇ, ਡਾ. ਕੰਵਲਜੀਤ ਸਿੰਘ ਅਤੇ ਹੋਰ ਕਈ ਸ਼ਖਸੀਅਤਾਂ ਹਾਜ਼ਰ ਹੋਈਆਂ ।

ਆਪਣੇ ਧੰਨਵਾਦੀ ਸ਼ਬਦਾਂ ਨਾਲ ਡਾ. ਗੁਰਨਾਮ ਸਿੰਘ - ਡੀਨ, ਫੈਕਲਟੀ ਨੇ ਯੂਨੀਵਰਸਿਟੀ ਸਟਾਫ ਅਤੇ ਪ੍ਰਬੰਧਕੀ ਕਰਮਚਾਰੀਆਂ ਵਲੋਂ ਕੀਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ । ਉਨ੍ਹਾਂ ਨੇ ਨਾਲ ਹੀ ਕਿਹਾ ਕਿ ਫੈਕਲਟੀ

ਆਫ ਆਰਟਸ ਐਂਡ ਕਲਚਰ ਦੇ ਮੈਂਬਰ ਆਪਣੇ-ਆਪਣੇ ਵਿਸ਼ਿਆਂ ਵਿਚ ਪੂਰਨ ਰੂਪ ਵਿਚ ਮਾਹਿਰ ਹਨ ਅਤੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਦੀ ਅਗਵਾਈ ਵਿਚ ਇਹ ਫੈਕਲਟੀ ਉਭਰ ਰਹੇ ਕਲਾਕਾਰਾਂ ਨੂੰ ਅੱਗੇ ਲਿਆਉਣ ਲਈ ਆਪਣੇ ਪੂਰੇ ਯਤਨ ਕਰੇਗੀ ।

**(ਡਾ. ਗੁਰਨਾਮ ਸਿੰਘ) ਡੀਨ**
**ਫੈਕਲਟੀ ਆਫ ਆਰਟਸ ਐਂਡ ਕਲਚਰ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

PATIALA, 4 DEC. : On the concluding day of 3-day Rababi Bhai Mardana Classical Music Festival, Vice Chancellor Dr. Jaspal Singh, Dean Faculty of Arts & Culture Dr. Gurnam Singh and others honoured a renowned Classical Vocalist Pt. Yashpal from Chandigarh with the title of 'Punjab Sangeet Ratan Award 2009' sponsored by Bibi Jasbir Kaur Khalsa, Chairperson Sri Guru Gian Parkash Foundation New Delhi.

Famous Punjabi Classical Vocalist Pt. Yashpal ji of Agra Gharana is a well known name in the field of Indian Classical Music. As a Vocalist and academician, he has contributed alot in Indian Classical Music and Punjabi Music tradition. Pt. Yashpal ji started giving performances as Classical Vocalist from the age of 11 only from **Harwallabh Sangeet Sammelan**. **Top Grade Artist of All India Radio**, Pt. Yashpal ji has been honored by many prestigious awards like **Dedicated Educationist, Sangeet Sumeru, Sangeet Shiromani,** State Award by **Punjab Government** and **Punjab Sangeet Natak Academy Award**.

On this occasion, Dr. Jaspal Singh stated that in the present scenario of music world, training and presentation of Classical Music is utmost needed for the authenticity and promotion of different music streams of Punjab. He appreciated the efforts made by Faculty of Arts & Culture and declared that on the next year, along with the junior artists from younger generation, Punjabi University will organize this festival with more enthusiasm.

In this festival, the renowned classical artists of national and inter-national repute participated. Amongst them, 'Singh Bandhu' S. Surinder Singh (Classical Vocalist), ), Pt. Yashpal (Classical Vocalist), Dr. Nivedita Singh (Classical Vocalist, ), Pt. Rama Kant (Tabla Player), Sh. Manu Seen (Sitar Player), Dr. Harvinder Sharma (Sitar Player), S. Shaminder Pal Singh (Sarangi Player and Sh. Arun Kumar Jha (Pakhawaj Player) are prominent names that performed during this festival.

Punjabi University also awarded Gurmat Sangeet Senior Fellowship for the year 2009-10 to 'Singh Bandhu' S. Surinder Singh. This would be a great opportunity for the music students of Punjab that 'Singh Bandhu' S. Surinder Singh will train the students at Gurmat Sangeet Chair, Punjabi University Patiala in the session 2009-10

On the last day of this festival, the first presentation is given by Sh. Arun Kumar Jha, a Pakhawaj player from the Music Department of Punjabi University Patiala. During his performance, he has given performance for Chaar-taal.

The second performance has been given by Sarangi player, S. Shaminder pal Singh and his disciple son S. Satwinder Pal Singh. He has given performances in Raag Vaarspati and Raag Mishar Pahari.

In the last presentation, Pt. Yashpal has given a memorable performances by singing different classical compositions.

On this occasion, Amarjit Singh Waraich (All India Radio - Station Director), Ravinder Singh (Bansuri Player), Dr. Gurcharan Singh, Dr. Yogesh Gambhir, Dr. Jodh Singh, Dr. Navjot Kasel, Dr. Jagir Singh, Dr. Kanwaljit Singh and many others enjoyed the sammelan.

Dr. Gurnam Singh - Dean Faculty, in his thanks giving words appreciated the help and efforts of University Staff and Administration. He also stated that the members of Faculty of arts and culture are very well renowned in their field and we are proud of them that under the leadership of Dr. Jaspal Singh, this faculty will contribute positively for grooming upcoming artists with great potential.

(Dr. Gurnam Singh) Dean
Faculty of Arts & Culture, Punjabi Uni., Patiala

# ਰਾਗ ਗਉੜੀ ਪੂਰਬੀ

### ਪ੍ਰਿੰ: ਦਿਆਲ ਸਿੰਘ

| | | |
|---|---|---|
| ਵਾਦੀ-ਰੁ | ਠਾਟ-ਪੂਰਬੀ | ਸਮਾਂ ਦਿਨ ਦਾ ਚੌਥਾ ਪਹਿਰ (ਸ਼ਾਮ) |
| ਸੰਵਾਦੀ-ਪ | ਜਾਤੀ-ਖਾਡਵ-ਸੰਪੂਰਣ | ਵਿਸ਼ੇਸ਼-'ਪ-ਗ' ਦੀ ਸੁਰ ਸੰਗਤੀ |

ਆਰੋਹ- ਸ, ਰੁ, ਗ, ਮੱ ਪ, ਮੱ ਧੁ ਨ ਸ਼ਂ।

ਅਵਰੋਹ - ਸਂ ਨ਼, ਪ, ਮ਼ੱ ਗ ਰੁ ਸ।

ਪਕੜ- ਸ਼, ਗ ਮੱ ਧੁ ਸਂ. ਨ ਪ ਮੱ ਗ਼, ਪ਼ ਗ, ਰੁ ਮੱ ਗ ਰੁ ਸ ਨ. ਸ।

## ਤਿੰਨ ਤਾਲ ਅਸਥਾਈ

| × | | ੦ | | ੨ | | ੩ | | ੦ | |
|---|---|---|---|---|---|---|---|---|---|
| ਸ | | | | | | | | | |
| ਰੁ | - | ਸ | ਸ | ਨ | ਪ | ਸ | - | - | - |
| ਰਾ | s | ਮ | ਗੁ | ਸਈ | s | ਆ | s | s | s |
| ਨ | ਨ | ਰੁ | ਮੱ | ਗ | ਰੁ | ਸ | - | - | - |
| ਜੀ | ਅ | ਕੇ | s | ਜੀ | ਵ | ਨਾ | s | s | s |
| ਗ | ਗ | ਮੱ | ਧੁ | ਰੁਂ | - | ਸਂ | - | - | - |
| ਮੋ | ਹਿ | ਨ | ਬਿ | ਸਾ | s | ਰਹੁ | s | s | s |
| ਨ | ਰੁਂ | ਨ | ਪ | ਮੱ | ਗ | ਪ | ਗ | ਰੁ | ਸ |
| ਮੈ | s | ਜ | ਨ | ਤੇ | s | ਰਾ | s | s | s |

ਅੰਤਰਾ

| | | | | | | | | | |
|---|---|---|---|---|---|---|---|---|---|
| ਮੱ | ਮੱ | ਧੁ | ਧੁ | ਸਂ | - | ਸਂ | - | - | - |
| ਮੇ | ਰੀ | ਸੰ | ਗਤਿ | ਪੋ | s | ਚ | s | s | s |
| ਸ. | ਨ | ਸੰ | ਸਂ | ਰੁਂ | - | ਸਂ | - | ਸਂ | ;̇ |
| ਸੋ | ਚ | ਦਿ | ਨ | ਰਾ | s | ਤੀ | s | ਮੇ | ਰਾ |
| ਗਂ | ਗਂ | ਰੁਂ | ਮੱਂ | ਗੁਂ | ਰੁਂ | ਸ | - | - | - |
| ਕ | ਰ | ਮ | ਕੁ | ਟਿ | ਲ | ਤਾ | s | s | s |
| ਨ | ਰੁਂ | ਨ | ਧ | ਮਂ | ਗ | ਪ | ਗ | ਰੁ | ਸ |
| ਜ | ਨ | ਮ | ਕੁ | ਭਾ | s | ਤੀ | s | s | s |

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਵਿਚੋਂ ਧੰਨਵਾਦ ਸਹਿਤ

-ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ

ਅੰਗ ੩੪੫

## ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

raag gourree ravidhaas jee kae pudhae gourree guaaraeree
Raag Gauree, Padas Of Ravi Daas Jee, Gauree Gwaarayree:

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ik ounkaar sathinaam kuruthaa purukh guruprusaadh
One Universal Creator God. Truth Is The Name. Creative Being Personified. By Guru's Grace:

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥

maeree sungath poch soch dhin raathee
The company I keep is wretched and low, and I am anxious day and night;

ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥

maeraa kurum kuttiluthaa junum kubhaathee
my actions are crooked, and I am of lowly birth. ||1||

ਰਾਮ ਗੁਸਈਆ ਜੀਅ ਕੇ ਜੀਵਨਾ ॥

raam guseeaa jeea kae jeevunaa
O Lord, Master of the earth, Life of the soul,

ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥

mohi n bisaaruhu mai jun thaeraa
please do not forget me! I am Your humble servant. ||1||Pause||

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥

maeree huruhu bipath jun kuruhu subhaaee
Take away my pains, and bless Your humble servant with Your Sublime Love.

ਚਰਣ ਨ ਛਾਡਉ ਸਰੀਰ ਕਲ ਜਾਈ ॥੨॥

churun n shaaddo sureer kul jaaee
I shall not leave Your Feet, even though my body may perish. ||2||

ਕਹੁ ਰਵਿਦਾਸ ਪਰਉ ਤੇਰੀ ਸਾਭਾ ॥

kuhu ravidhaas puro thaeree saabhaa
Says Ravi Daas, I seek the protection of Your Sanctuary;

ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥

baeg miluhu jun kar n bilaabaa
please, meet Your humble servant - do not delay! ||3||1||

# ਗੁਰਬਾਣੀ ਕੀਰਤਨ ਦੀਆਂ ਸੀ .ਡੀਜ਼ .















Postal Regd. No. G/CDH/0045/2009-10 RNI Regd. No. 46788/89 ISSN 0972-2335

